For Review

੧ ੴ ਸਤਿਗੁਰਪ੍ਰਸਾਦਿ ॥

ਖਾਲਸਾ ਇਸਤ੍ਰੀ

ਅਤੇ

ਸਿਖ ਬੀਬੀਆਂ ਦੀ ਵਿਦਯਾ

ਕਰਤਾ

ਨਾਹਰ ਸਿੰਘ ਪਨਾਇਚ

ਐਮ. ਏ.

ਪ੍ਰਕਾਸ਼ਕ

ਜਗਤ ਸੇਵਕ ਕੰਪਨੀ

ਮੋਗਾ (ਪੰਜਾਬ)

੧ ਓ ਸਤਿਗੁਰਪ੍ਰਸਾਦਿ ॥

ਖਾਲਸਾ ਇਸਤ੍ਰੀ

+ ਅਤੇ +

ਸਿਖ ਬੀਬੀਆਂ ਦੀ ਵਿ...

ਰ...

ਨਾਹਰ ਸਿੰਘ ਪਨ...

ਪ੍ਰਕਾਸ਼ਕ

ਭਾਈ ਜਗਤ ਸਿੰਘ ਸੇਵਕ

ਮਾਲਕ ਜਗਤ ਸੇਵਕ ਕੰਪਨੀ ਮੋਗਾ (ਪੰਜਾਬ)

"ਗੁਰਬਾਣੀ ਸੇਵਕ ਪ੍ਰੈਸ" ਅੰਮ੍ਰਿਤਸਰ ਵਿਚ ਸ: ਸੁੰਦਰ ਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਪ੍ਰਬੰਧ ਨਾਲ ਛਪੀ ॥

ਪਹਿਲੀ ਵਾਰ ੧੨੦੦ ... DEC. 1931 (ਮੁਲ ੰ)

ਲੇਖ ਸੂਚੀ

ਭਾਗ ੨

ਸਿੱਖ ਬੀਬੀਆਂ ਦੀ ਵਿੱਦਯਾ

ਮੁਖਬੰਦ

ਬਹੁਤ ਲੱਜਾਕੇ ਅਤੇ ਸ਼ਰਮਿੰਦਾ ਹੋਕੇ ਇਸ ਪੁਸਤਕ ਨੂੰ ਮੈਂ ਆਪਣੇ ਪਾਠਕਾਂ ਦੇ ਹਥੀਂ ਅਧੂਰੀ ਸ਼ਕਲ ਵਿਚ ਹੀ ਘਲਦਾ ਹਾਂ। ਮੇਰਾ ਖਿਆਲ ਸੀ ਕਿ ਇਸ ਪੁਸਤਕ ਨੂੰ ਖਾਲਸਾਇਸਤੀਆਂਸੰਬੰਧੀ ਇਕ ਨਿਕਾ ਜਿਹਾ ਮਹਾਨ ਕੋਸ਼ ਬਣਾ ਦਿਤਾ ਜਾਂਦਾ, ਇਸ ਮਤਲਬ ਲਈ ਮੈਂ ਤਕ੍ਰੀਬਨ ਬੀਸ ਦੇ ਕਰੀਬ ਚਿਠੀਆਂ ਮਿਡਲ ਪਾਠਸ਼ਾਲਾਂ ਦੇ ਮੈਨੇਜਰਾਂ ਨੂੰ ਲਿਖੀਆਂ ਪਰ ਉਨਾਂ ਵਲੋਂ ਕੋਈ ਜਵਾਬ ਨਹੀਂ ਆਏ। ਮੈਨੂੰ ਆਸ ਹੈ ਕਿ ਜੇਕਰ ਅਖੀਰਲੇ ਸਫੇ ਦੇ ਸਾਰੇ ਸਵਾਲਾਂ ਦੇ ਜਵਾਬ ਮੈਨੂੰ ਪਹੁੰਚ ਗਏ ਤਾਂ ਦੂਸਰੀ ਐਡੀਸ਼ਨ ਬਹੁਤ ਸੁੰਦਰ ਬਣ ਜਾਵੇਗੀ।

ਜੇ ਇਸ ਨਿਕੀ ਜਿਹੀ ਪੁਸਤਕ ਨੂੰ, ਪੜ੍ਹਕੇ ਇਕ ਸਿਖ ਨੌਜਵਾਨ ਯਾ ਸਿਖ ਲੜਕੀ ਦੇ ਦਿਲ ਅੰਦਰ ਖਾਲਸਾ ਪੰਥ ਦੀਆਂ ਬੱਚੀਆਂ ਨੂੰ ਘੋਰ ਅੰਧਕਾਰ ਵਿਚੋਂ ਕਢਣ ਦਾ ਉਤਸ਼ਾਹ ਪੈਦਾ ਹੋ ਗਿਆ ਤਾਂ ਕਰਤਾ ਸਮਝੇਗਾ ਕਿ ਉਸਨੂੰ ਉਸਦੀ ਤੁਛ ਸੇਵਾ ਦਾ ਹਜ਼ਾਰ ਗੁਣਾਂ ਫਲ ਮਿਲਿਆ।

ਅਖੀਰ ਵਿੱਚ ਮੈਂ ਆਪਣੇ ਉਨਾਂ ਸਾਰੇ ਮਿਤਰਾਂ ਦਾ ਧੰਨਵਾਦ ਕਰਦਾ ਹਾਂ ਜਿਨਾਂ ਨੇ ਇਸ ਪੁਸਤਕ ਤਿਆਰ ਕਰਨ ਵਿਚ ਮਦਦ ਕੀਤੀ।

ਨਾਹਰ ਸਿੰਘ ਪਨਾਇਚ
ਐਮ. ਏ.

ਨੰਗਲ ਖੁਰਦ (ਲੁਧਿਹਾਣਾ)
ਜੁਲਾਈ ੧੯੩੧

ਭੂਮਕਾ

ਆਦਰਸ਼ ਗ੍ਰਿਹੱਸਤ ਆਸ਼ਰਮ ਦੇ ਨਿਭਾਉਣ ਲਈ ਦੰਪਤੀ ਜੋੜੇ ਦੇ ਪਰਸਪਰ ਪਿਆਰ ਅਤੇ ਏਕਤਾ ਦਾ ਹੋਣਾ ਜ਼ਰੂਰੀ ਹੈ। ਜਦ ਦਿਨ ਦੀ ਕਾਰ ਪੂਰੀ ਹੋ ਚੁਕਦੀ ਹੈ ਅਤੇ ਭਜਨ ਕਰਨ ਯਾ ਸੁਖ ਲੈਣ ਦਾ ਸਮਾਂ ਹੁੰਦਾ ਹੈ, ਤਾਂ ਅਗਿਆਨੀ ਪੁਰਸ਼ ਆਪਣੇ ਜੇਸੀਆਂ ਹੀ ਮੂਰਖ ਇਸਤ੍ਰੀਆਂ ਦੀ ਸੰਗਤ ਵਿਚ ਆਪਸ ਦੇ ਦ੍ਵੈਸ਼ ਅਤੇ ਝਗੜੇ ਦੇ ਕਾਰਨ ਆਪਣੀ ਜਾਨ ਨੂੰ ਸੀਖ ਉਤੇ ਚਾੜ੍ਹੀ ਰਖਦੇ ਹਨ। ਕਲੇਸ਼ ਇਹੋ ਜਿਹੇ ਇਸਤ੍ਰੀ ਪੁਰਸ਼ਾਂ ਲਈ ਵੇਹਲੇ ਅਤੇ ਸੁਖ ਲੈਣ ਦੇ ਸਮੇਂ ਨੂੰ ਵਿਤੌਣ ਦਾ ਕੁਦਰਤ ਵਲੋਂ ਇਕ ਯਤਨ ਹੁੰਦਾ ਹੈ।

ਸੁਭਾਗ ਓਹ ਟਬਰ ਹੈ, ਜਿਥੇ ਹਰ ਇਕ ਆਦਮੀ ਸਿਆਣਾ ਅਤੇ ਵਿਚਾਰਸ਼ੀਲ ਹੈ, ਟਬਰ ਦੇ ਸ਼ੁਭ ਆਸ਼ਿਆਂ ਦੇ ਸਾਂਝੇ ਖਜ਼ਾਨੇ ਵਿਚੋਂ ਕੁਛ ਨ ਕੁਛ ਹਿਸਾ ਪ੍ਰਾਪਤ ਕਰਦਾ ਹੈ, ਐਸੇ ਭਾਗਾਂ ਵਾਲੇ ਟੱਬਰਾਂ ਦੇ ਇਸਤ੍ਰੀ ਪੁਰਸ਼ਾਂ ਨੂੰ ਦਿਲ ਪਰਚਾਉਣ ਵਾਸਤੇ ਅਤੇ ਖੁਸ਼ ਰਹਿਣ ਲਈ ਆਪਣੇ ਟੱਬਰ ਤੋਂ ਬਾਹਰ ਨਹੀਂ ਜਾਣਾ ਪੈਂਦਾ ਪਰ ਅਫਸੋਸ ਇਸ ਗਲ ਦਾ ਹੈ, ਜੋ ਇਸ ਪ੍ਰਕਾਰ ਦੇ ਟੱਬਰ ਹੀ ਸਾਡੇ ਅੰਦਰ ਬਹੁਤ ਥੋੜੇ ਹਨ। ਕੇਸਾ ਸੁਰਗ ਬੀਤੇ, ਜੇ ਸਾਰੇ ਪ੍ਰਵਾਰ ਹੀ ਐਸੇ ਹੋਵਣ, ਜੋ ਆਪਣੇ ਸ਼ੁਭ ਗੁਣਾਂ ਦੀ ਸੁਗੰਧੀ ਚਾਰੇ ਕੂੰਟਾਂ ਵਿਚ ਫੈਲਾਉਣ, ਜਿਸ ਨਾਲ ਵਾਹ ਪਵੇ, ਉਸ ਨੂੰ ਸੁਮੱਤ ਦੇਵਣ ਅਤੇ ਪਾਪੀ ਲੋਕਾਂ ਦੇ ਰਾਖਸ਼ੀ ਅਵਗੁਣਾਂ ਨੂੰ ਛੁਡਾਕੇ ਨੇਕੀ ਫੈਲਾਣ ਵਿਚ ਵਾਧਾ ਕਰਨ, ਪਰ ਇਹ ਤਦ ਹੀ ਹੋ ਸਕਦਾ ਹੈ, ਜੇਕਰ ਸਭ ਇਸ-

ਕੀਆਂ ਲਾਡਲੀਆਂ ਸਿੱਖਣੀਆਂ ਮਾਈ ਭਾਗੋ ਵਾਂਕਰ ਡਿਗੇ ਹੋਏ ਪੰਥ ਦੀ ਬਾਂਹ ਫੜਨ ਅਤੇ ਖੇਰੂੰ ਖੇਰੂੰ ਹੋਏ ਪੰਥ ਨੂੰ ਪ੍ਰੇਮ ਲੜੀ ਵਿਚ ਪਰੋਣ। ਜੇ ਇਹੋ ਹਾਲਤ ਰਹੀ, ਤਾਂ ਸ਼ਾਇਦ ਮੈਕਾਲਿਫ ਸਾਹਿਬ ਦਾ ਕਥਨ ਠੀਕ ਹੋ ਜਾਵੇ, ਕਿ ੧੯੫੦ ਅੰਦਰ ਸਿੱਖਾਂ ਵਿਚੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਧ ਪਾਠ ਕਰਨ ਵਾਲੇ ਦੋ ਚਾਰ ਹੀ ਮਿਲਣਗੇ। ਪੰਥ ਜੇ ਮੁੜਕੇ ਫੇਰ ਸਰਜੀਤ ਹੋਵਣਾ ਚਾਹੁੰਦਾ ਹੈ, ਤਾਂ ਉਸਨੂੰ ਆਪਣਾ ਧਿਆਨ ਇਸਤ੍ਰੀ ਵਿਦਿਆ ਵਲ ਦੇਣਾ ਚਾਹੀਦਾ ਹੈ, ਤਾਕਿ ਪੰਥ ਦੀਆਂ ਮਾਵਾਂ ਬਚਿਆਂ ਦੀਆਂ ਸ਼ੁਭ ਸ਼ਕਤੀਆਂ ਅਤ ਦੈਵੀ ਗੁਣਾਂ ਨੂੰ ਪ੍ਰਗਟ ਕਰਨ ਅਤੇ ਖਾਲਸਾ ਪੰਥ ਦਾ ਝੰਡਾ ਜਹਾਨ ਉਤੇ ਝੂਲੇ।

ਪਿੰਡ ਨੰਗਲ ਖੁਰਦ } ਨਾਹਰ ਸਿੰਘ ਪਨਾਇਚ
ਜ਼ਿਲਾ ਲੁਧਿਹਾਨਾ } { ਐਮ. ਏ.

੧ ੴ ਸਤਿਗੁਰਪ੍ਰਸਾਦਿ ॥

ਰਿਗ ਵੇਦ ਦਾ ਸਮਾਂ ਅਤੇ ਇਸਤ੍ਰੀ ਜਾਤੀ

ਈਸ਼੍ਵਰ ਦੀ ਉਸਤਤੀ, ਕਾਵਯ ਰਚਨਾਂ ਦੁਵਾਰਾ ਗਾਇਨ ਕਰਨ ਵਾਲੇ ਮਹਾਂ ਰਿਸ਼ੀ ਵਿਸਵਾਮਿਤ੍ਰ ਜੀ ਆਪਣੀ ਮਧੁਰ ਬਾਣੀ ਵਿਚ ਇਸਤੀ ਜਾਤੀ ਦੀ ਮਹਿਮਾਂ 'ਜੇਯੇਤਇਸਤਾਮ' ਦੇ ਉਚ ਸ਼ਬਦਾਂ ਨਾਲ ਵਰਨਨ ਕਰਦੇ ਹਨ, (ਰਿਗ !!!, ਪੜ, ੪) ਇਸਦੇ ਅਰਥ ਸਪਸ਼ਟ ਹਨ, 'ਜੋ ਇਸਤ੍ਰੀ ਹੀ ਗ੍ਰਿਹਸਤ ਧਰਮ ਹੈ ਵਾਸ੍ਤਵ ਵਿਚ ਇਹੀ ਉੱਚ ਪਦਵੀ ਇਸਤ੍ਰੀ ਦੀ ਮਹਿੰਮਾਂ ਲਈ ਠੀਕ ਹੈ। ਇਸਤ੍ਰੀ ਉਹਨਾਂ ਸ਼ੁਭ ਗੁਣਾਂ ਦਾ ਸੋਮਾਂ ਹੈ, ਜਿਨ੍ਹਾਂ ਨੂੰ ਧਾਰਨ ਕਰਕੇ ਮਨੁਸ਼ ਜਾਤੀ ਗੰਦੇ ਜੀਵਨ ਦੀਆਂ ਵਾਸ਼ਨਾਂ ਨੂੰ ਛਡਕੇ ਆਪਣੇ ਅੰਦਰ ਦੇਵੀ ਗੁਣ ਪੈਦਾ ਕਰਦੀ ਹੈ। ਰਿਗ੍ਰ ਵੇਦਦੇ ਸਮੇਂ ਦੇ ਰਿਸ਼ੀਆਂ ਨੇ ਇਸਤ੍ਰੀ ਜਾਤੀ ਦੀ ਉਸ ਸੇਵਾ ਦੀ, ਜੋ ਉਸਨੇ ਸਭ੍ਯਤਾ ਨੂੰ ਸੁਛ ਬਨੌਣ ਲਈ ਕੀਤੀ ਭਲੀ ਪ੍ਰਕਾਰ ਸ਼ਲਾਘਾ ਕੀਤੀ ਹੈ ਏਹ ਇਕ ਬੜੀ ਉੱਘੀ ਗੱਲ ਹੈ ਕਿ ਰਿਗ ਵੇਦ ਦੇ ਸਾਰੇ ਸ਼ਬਦ ਜਿਨ੍ਹਾਂ ਦੇ ਅਰਥ ਇਸਤ੍ਰੀ ਦੇ ਹਨ ਸਿਰਫ ਗ੍ਰਿਹਸਤ ਧਾਰਨ ਕਰਨ ਵਾਲੀ ਇਸਤ੍ਰੀ ਲਈ ਹੀ ਵਰਤੇ ਗਏ ਹਨ। ਸਾਰੇ ਮੰਤਰਾਂ ਅੰਦਰ ਇਸਤ੍ਰੀ ਅਤੇ ਨਾਰੀ ਸ਼ਬਦ ਹੀ ਵਰਤੇ ਗਏ ਹਨ ਅਤੇ ਪੈਗ਼ਾਮ ਅਤੇ ਵਰਸਾਨ ਕਿਤੇ ਭੀ ਨਹੀਂ ਲਿਖਿਆ। ਵਿਵਾਹ ਕਰਵਾਨਾ ਇਕ ਮੁਖ ਅਤੇ ਜ਼ਰੂਰੀ ਕਰਮ ਮੰਨਿਆ ਗਿਆ ਹੈ।

(ਅਥਰਬਨ ੬, ੧੧, ੪) ਵਿਚ ਕੰਨਿਆਂ ਦਾ ਜਨਮ ਬੁਰਾ ਸਮਝਿਆ ਗਿਆ ਹੈ, ਪਰ, ਇਸਤ੍ਰੀਆਂ ਦਾ ਸਨਮਾਨ ਅਤੇ ਗ੍ਰਿਹਸਤ ਦੇ ਕੰਮਾਂ ਵਿਚ ਉਹਨਾਂ ਦੀ ਪਦਵੀ ਪਤੀ ਦੇ ਤੁਲਯ ਹੀ ਸਮਝੀ ਗਈ ਹੈ। ਇਸਤ੍ਰੀਆਂ ਧਾਰਮਕ ਰੀਤੀਆਂ, ਯੱਗ, ਹਵਨ, ਪਾਰਥਨਾਂ

ਵਿਚ ਮਰਦਾਂ ਨਾਲ ਹਿੱਸਾ ਲੈਂਦੀਆਂ ਸਨ (ਰਿਗ ੫, ੧, ੭੨, ੫) ਅਤੇ ਵਿਵਾਹ ਤੋਂ ਪਿਛੋਂ ਸਹੁਰੇ ਘਰ ਦਾ ਪ੍ਰਬੰਧ ਕਰਨ ਵਾਲੀ ਇਸਤ੍ਰੀ ਹੀ ਹੁੰਦੀ ਸੀ। ਉਸ ਸਮੇਂ ਇਸਤ੍ਰੀਆਂ ਲਈ ਕੋਈ ਪਰਦਾ ਆਦਿ ਉਕਾ ਹੀ ਨਹੀਂ ਸੀ, ਇਸਤ੍ਰੀਆਂ ਆਮ ਮੇਲਿਆਂ ਅਤੇ ਯੱਗਾਂ ਉਤੇ ਜਾਂਦੀਆਂ ਸਨ (ਰਿਗ ੫, ੧੦, ੮, ੬, ੧੦)ਇਸਤ੍ਰੀਆਂ ਹਾਰ ਸ਼ਿੰਗਾਰ ਦੀਆਂ ਸ਼ੌਕੀਨ ਸਨ, ਪ੍ਰਭਾਤ ਵੇਲੇ ਉੱਠਕੇ ਘਰ ਦਾ ਸਾਰਾ ਕੰਮ ਧੰਧਾ ਕਰਦੀਆਂ ਸਨ। ਆਪਣੇ ਗੋਤ੍ਰ, ਵਰਨਾਂ ਤੋਂ ਬਾਹਰ ਦੂਸਰੇ ਗੋਤ੍ਰ, ਵਰਨ ਵਿਚ ਵਿਆਹ ਕਰਾਣ ਦਾ ਰਵਾਜ ਸੀ, ਬਹੁਤੇ ਵਿਵਾਹ ਕਰਵਾਨ ਦਾ ਰਵਾਜ ਉਸ ਸਮੇਂ ਅੰਦਰ ਧਨਾਢ ਘਰਾਣਿਆਂ ਅਤੇ ਬਾਦਸ਼ਾਹਾਂ ਦੇ ਘਰੀਂ ਕਿਤੇ ਕਿਤੇ ਸੀ। ਵਿਧਵਾ ਵਿਵਾਹ ਦਾ ਰਵਾਜ ਸੀ (ਰਿਗ ੫, ੫, ੬, ਅਥਰ ੫, ੬, ੫ ਦਾ ਸਤੀ ਹੋਣ ਦਾ ਰਵਾਜ ਬਿਲਕੁਲ ਹੀ ਨਹੀਂ ਸੀ। ਬਹੁ-ਪਤੀ-ਗਾਮਤਾ ਰਿਗ ਵੇਦ ਦੇ ਸਮੇਂ ਹੈ ਹੀ ਨਹੀਂ ਸੀ, ਕਈ ਵਿਦਵਾਨਾਂ ਦਾ ਖਿਆਲ ਹੈ ਕਿ ਰਿਗ ਵੇਦ (੮, ੨੯, ੮) ਦਾ ਮੰਤਰ ਕੇਵਲ ਅਲੰਕਾਰ ਹ ਹੈ, ਵਰਨ-ਜਾਤ ਤੋੜਕ ਸ਼ਾਦੀਆਂ ਹੁੰਦੀਆਂ ਸਨ ਜਵਾਨ ਹੋਣਪਰਲੜਕੀਆਂ ਆਪਣੀਮਰਜ਼ੀਅਨੁਸਾਰ ਜਿਸ ਨਾਲ ਜੀ ਚਾਹੇਵਿਆਹ ਕਰਵਾ ਸਕਦੀਆਂ ਸਨ (ਰਿਗ ੧੦, ੮੫, ੨੧,੨੨) ਲੜਕੀਆਂ ਦੇ ਪੈਸੇ ਲੈਕੇ ਵਿਆਹੁਣ ਦਾ ਅਤੇ ਬਹਮੁਲਾ ਦਾਜ ਦੇਣ ਦਾ ਭੀ ਰਵਾਜ ਸੀ, ਸੁਵੰਬਰ ਦੀ ਰੀਤ ਭੀ ਪ੍ਰਚੱਲਤ ਸੀ।

ਇਸਤ੍ਰੀ ਨੂੰ ਘਰਦਾ ਸ਼ਿੰਗਾਰ ਸਮਝਿਆ ਜਾਂਦਾ ਸੀ, ਘਰ ਦਾ ਸਾਰਾ ਕੰਮ ਉਸਦੇ ਸਪੁਰਦ ਹੁੰਦਾ ਸੀ, ਉਹ ਵਡੇ ਤੜਕੇ ਸਰਗੀ ਵੇਲੇ ਤੋਂ ਉਠਕੇ ਇਸ਼ਨਾਨ ਸੋਧਕੇ ਘਰ ਦਾ ਸਾਰਾ ਕੰਮ ਕਰਦੀ ਅਤੇ ਆਪਣੇ ਪਤੀ ਨਾਲ ਤਿੰਨ ਵੇਲੇ ਸਵੇਰੇ, ਦੁਪਹਿਰੇ ਅਤੇ ਸ਼ਾਮ ਨੂੰ ਦੇਵਤਿਆਂ ਦੀ ਪੂਜਾ ਕਰਦੀ (ਰਿਗ ੧, ੧੭੩, ੨, ੩, ੨੮, ੫, ੪੪, ੧੫) ਇਸਤ੍ਰੀਆਂ ਘਰ ਦੀਆਂ ਰਾਣੀਆਂ ਅਤੇ ਹੋਰ ਪਾਲਤੂ ਜਾਨਵਰਾਂ ਦੀ ਦੇਖ ਭਾਲ ਕਰਦੀਆਂ ਸਨ (ਰਿਗ ੧੦, ੮੫, ੪੪) ਆਪਣੇ ਪਤੀ ਦਾ ਹੁਕਮ ਮੰਨਦੀਆਂ, ਉਸਦੇ ਮਾਤਾ ਪਿਤਾ ਨਾਲ ਪ੍ਰੇਮ ਕਰਦੀਆਂ ਅਤੇ ਪਤੀ ਦੇ ਭਰਾਵਾਂ ਅਤੇ ਭੈਣਾਂ

ਦਾ ਸਨਮਾਨ ਕਰਦੀਆਂ ਸਨ (ਰਿਗ ੧੦, ੮੫, ੪੬)

ਰਿਗ ਵੇਦ ਦੇ ਪਾਠ ਤੋਂ ਮਲੂਮ ਦਿੰਦਾ ਹੈ ਕਿ ਉਸ ਸਮੇਂ ਲੜਕੀਆਂ ਨੂੰ ਵਿਦਯਾ ਪੜ੍ਹਾਈ ਜਾਂਦੀ ਸੀ। ਰਿਗ ਵੇਦ ਦੇ ਸਮੇਂ ਇਸਤ੍ਰੀਆਂ ਰਿਸ਼ੀ ਸਨ ਉਹ ਪੜ੍ਹਦੀਆਂ ਅਤੇ ਪੜ੍ਹਾਉਂਦੀਆਂ ਕਵਿਤਾ ਰਚਦੀਆਂ ਯੱਗ ਕਰਦੀਆਂ ਅਤੇ ਦੇਵਤਿਆਂ ਦੀ ਉਸਤਤੀ ਗਾਇਨ ਕਰਦੀਆਂ ਸਨ ਇਸ ਪ੍ਰਕਾਰ ਉਹਨਾਂ ਇਸਤ੍ਰੀ ਰਿਸ਼ੀਆਂ ਨੇ ਉਸ ਸਮੇਂ ਦੇ ਸਮਾਜ ਅੰਦਰ ਇਕ ਭਾਰੀ ਸਨਮਾਨ ਪ੍ਰਾਪਤ ਕੀਤਾ ਸੀ, ਰਾਜ਼ਕੁਮਾਰੀ ਘੋਸ਼ ਇਕ ਉਘੀ ਵਿਦਵਾਨ ਰਿਸ਼ੀ ਇਸਤ੍ਰੀ ਸੀ (ਰਿਗ ੧, ੧੧, ੭, ੧੦, ੩੯, ੪੦) ਇਸੇ ਪ੍ਰਕਾਰ ਲੋਪ ਮੁਦਰਾ (ਰਿਗ ੧, ੧੭੯,) ,ਅਤ੍ਰੀ ਦੇ ਖਾਨਦਾਨ ਦੀ ਰਿਸ਼ੀ ਅਪਾਲਾ ਇੰਦਰ ਦੀ ਸੇਵੀ ਸੀ ਰਿਗ ੫, ੮, ੮੦) ਮਮਾਤ੍ਰਾ (ਰਿਗ ੬, ੧੦, ੨) ਸੂਰਯ (ਰਿਗ ੧੦, ੮੫) ਇੰਦਰਾਨੀ (ਰਿਗ ੧੦, ੧੪੫) ਸਕੋ) ਰਿਗ ੧੦, ੫੯) ਸਰਪਰਾਜਨੀ (ਰਿਗ ੧੦, ੧੮੯) ਅਤੇ ਵਿਸਵਾਵਰਾ (ਰਿਗ ੫, ੨੮) ਇਹ ਸਭ ਇਸਤ੍ਰੀਆਂ ਰਿਸ਼ੀ ਹੋਈਆਂ, ਇਨਾਂ ਸਾਰੀਆਂ ਦੇ ਰਚੇ ਹੋਏ ਮੰਤ੍ਰ ਰਿਗਵੇਦ ਅੰਦਰ ਦਰਜ ਹਨ। ਰਿਸ਼ੀ ਵਿਸਵਾਵਰਾ (ਇਸਤ੍ਰੀ) ਨੇ ਅਗਨੀ ਦੇਵਤਾ ਦੀ ਉਸਤਤੀ ਵਿਚ ਕੇਵਲ ਮੰਤ੍ਰ ਹੀ ਨਹੀਂ ਬਣਾਏ, ਸਗੋਂ ਮੁਖੀਏ ਹੋਤ੍ਰ ਦਾ ਭੀ ਕੰਮ ਕੀਤਾ। ਇਹ ਇਸਤ੍ਰੀਆਂ ਦਾ ਇਕ ਬੜਾ ਭਾਰੀ ਹੱਕ ਸੀ, ਜੋ ਪਿਛਲਿਆਂ ਸਮਿਆਂ ਅੰਦਰ ਦ੍ਵੈਖੀ, ਤੰਗਦਿਲ ਅਤੇ ਸਹਿਕਾਮੀ ਆਗੂਆਂ ਨੇ ਖੋਹ ਲਿਆ।

ਉਹਨੀਂ ਸਮੀਂ ਇਸਤ੍ਰੀਆਂ ਆਪਣੇ ਪਤੀਆਂ ਨਾਲ ਰਣਭੂਮੀਆਂ ਅੰਦਰ ਭੀ ਜਾਂਦੀਆਂ ਸਨ। ਖੇਲਾ ਨਾਮੀ ਰਾਜੇ ਦੀ ਇਸਤ੍ਰੀ ਵਿਸਪਾਲਾ ਦੀ ਇਕ ਲੱਤ ਹੀ ਲੜਾਈ ਵਿਚ ਵਢੀ ਗਈ ਸੀ। ਮੁਦਗਾਲਬੀ ਯਾ ਇੰਦਰਸੇਨ, ਮੁਦਗਾਲਾ ਰਿਸ਼ੀ ਦੀ ਪਤਨੀ ਨੇ ਆਪਣੇ ਪਤੀ ਨਾਲ ਹੋਕੇ ਚੋਰਾਂ ਦਾ ਪਿਛਾ ਕੀਤਾ ਅਤੇ ਆਪਣਾ ਮਾਲ ਮੋੜ ਲਿਆਂਦਾ।

ਰਿਗਵੇਗ ਦੇ ਪੜਨ ਅਤੇ ਘੋਖਨ ਤੋਂ ਇਉਂ ਪ੍ਰਸਿਧ ਹੁੰਦਾ ਹੈ, ਜੋ ਉਸ ਸਮੇਂ ਦੇ ਸਮਾਜ ਅੰਦਰ ਇਸਤ੍ਰੀਆਂ ਦਾ ਬੜਾ ਮਾਣ

ਅਤੇ ਸਤਿਕਾਰ ਸੀ । ਉਸ ਸਮੇਂ ਦੇ ਸਮਾਜ ਦੀ ਉਨਤੀ ਵਿਚ ਉਨ੍ਹਾਂ ਨੇ ਬੜਾ ਭਾਰੀ ਹਿਸਾ ਲਿਆ ਅਤੇ ਉਹ ਕਈ ਗਲਾਂ ਵਿਚ ਆਦ-ਮੀਆਂ ਨਾਲੋਂ ਅਕਲ, ਸਿਆਣਪ, ਚੁਸਤੀ, ਬਹਾਦਰੀ ਵਿਚ ਵਧੀਆਂ ਹੋਈਆਂ ਸਨ ਅਤੇ ਉਨ੍ਹਾਂ ਨੂੰ ਆਪਣੀ ਲਿਆਕਤ ਦਖੌਣ ਦਾ ਪੂਰਾ ਮੌਕਾ ਦਿਤਾ ਜਾਂਦਾ ਸੀ ।

ਰਿਗਵੇਦ ਦੇ ਪਿਛੌਂ ਦੇ ਸਮੇਂ ਅੰਦਰ ਇਸਤ੍ਰੀਆਂ ਦਾ ਸਮਾਜ ਅੰਦਰ ਓਹ ਮਾਨ ਅਤੇ ਸਤਕਾਰ ਨ ਰਹਿਆ । ਉਨਾਂ ਨੂੰ ਲੋਕੀਂ ਸ਼ੂਦਰ ਸਮਝਣ ਲਗ ਪਏ, ਉਨਾਂ ਨੂੰ ਆਪਣੇ ਪਤੀ ਨੂੰ ਦੇ ਖਕੇ ਪਸਿੰਦ ਕਰਨ ਅਤੇ ਚੁਨਣ ਦਾ ਕੋਈ ਅਧਿਕਾਰ ਨ ਰਹਿਆ । ਲੋਕੀਂ ਆਪਣੀਆਂ ਲੜਕੀਆਂ ਨੂੰ ਉਸ ਉਮਰ ਵਿਚ ਹੀ ਵਿਆਹੁਣ ਲਗ ਪਏ ਜਦ ਕਿ ਉਨ੍ਹਾਂ ਵਿਚਾਰੀਆਂ ਨੂੰ ਇਹ ਭੀ ਪਤਾ ਨਹੀਂ ਹੁੰਦਾ ਕਿ ਗ੍ਰਿਹਸਤ ਆਸ਼੍ਰਮ ਅਤੇ ਵਿਵਾਹ ਕਿਸ ਬਲਾ ਨੂੰ ਆਖਦੇ ਹਨ । ਇਸ ਪ੍ਰਕਾਰ ਇਸਤ੍ਰੀਆਂ ਦੁਰਬਲ, ਪਰਾਧੀਨ ਅਤੇ ਕਮਜ਼ੋਰ ਹੁੰਦੀਆਂ ਚਲੀਆਂ ਗਈਆਂ । ਇਸਤ੍ਰੀਆਂ ਦੀ ਮੰਦ ਦਸ਼ਾ ਹੋਣ ਦੇ ਨਾਲ ਨਾਲ ਹੀ ਭਾਰਤਵਰਸ਼ ਦੀ ਹਾਲਤ ਵਿਗੜਦੀ ਚਲੀ ਗਈ, ਜਿਹੜੀ ਕਿ ਹੁਣ ਤਕ ਵਿਗੜਦੀ ਚਲੀ ਜਾ ਰਹੀ ਹੈ । ਭਾਰਤ ਵਰਸ਼ ਦਾ ਇਤਿਹਾਸ ਲਿਖਣ ਵਾਲੇ ਇਤਿਹਾਸਕਾਰ ਰਿਗਵੇਦ ਦੇ ਸਮੇਂ ਤੋਂ ਪਿਛੌਂ ਦੇ ਕਾਲ ਨੂੰ ਬ੍ਰਾਹਮਣ, ਆਰਯਾਨਕ, ਉਪਨਿਸ਼ਧ, ਸੂਤ੍ਰ ਨੂੰ ਧਰਮ ਸ਼ਾਸ਼ਤ੍ਰ, ਰਾਮਾਇਣ ਅਤੇ ਮਹਾਭਾਰਤ ਦਾ ਸਮਾਂ ਆਖਦੇ ਹਨ। ਇਹਨਾਂ ਸਮਿਆਂ ਅੰਦਰ ਲੋਕੀਂ ਇਸਤ੍ਰੀਆਂ ਨੂੰ ਵਟਾਂਦਰੇ ਵਾਲੀ ਜਾਇਦਾਦ ਸਮਝਣ ਲੱਗ ਪਏ । ਮਹਾਭਾਰਤ ਦੀ ਕਥਾ ਅਨੁਸਾਰ ਪਾਂਡਵਾਂ ਨੇ ਦ੍ਰੋਪਤੀ (ਬਿਨਾਂ ਉਸਦੀ ਸਲਾਹ ਦੇ) ਜੂਏ ਵਿਚ ਹਾਰ ਦਿੱਤੀ । ਕੇਸਾ ਮਹਾਂ ਅਨਰਥ ਹੈ ਅਤੇ ਕਿਤਨਾ ਮਹਾਂ ਪਾਪ ਹੈ । ਕਿ ਉਹ ਅਬਲਾ ਜਿਸਨੂੰ ਆਪਣੇ ਫੇਰਿਆਂ ਦੇ ਕੌਲਾਂ ਦੀ ਲਾਜ ਹੈ, ਇਸ ਪ੍ਰਕਾਰ ਇਕ ਪਰਾਏ ਆਦਮੀ ਨੂੰ ਡੰਗਰਾਂ ਵਾਂਕਰ ਦੇ ਦਿੱਤੀ ਜਾਂਦੀ ਹੈ, ਧਿੱਕਾਰ ਹੈ ਐਸੀ ਸੱਭਯਤਾ ਉਤੇ । ਕੋਰਵਾਂ ਨੇ ਪਾਂਡਵਾਂ ਨਾਲੋਂ ਭੀ. ਕਾਇਰਤਾ ਅਤੇ ਨੀਚ-ਪਣੇ ਦਾ ਸਬੂਤ ਦਿਤਾ । ਦ੍ਰੋਸ਼ ਕਰਕੇ ਉਹ ਦ੍ਰੋਪਤੀ ਨੂੰ ਮਹਲਾਂ ਵਿਚੋਂ

ਘਸੀਟ ਲਿਆਏ ਅਤੇ ਉਸਨੂੰ ਸਭਾ ਅੰਦਰ ਨਗਨ ਕਰਨ ਦਾ ਹੁਕਮ ਦਿੱਤਾ। ਹਾ ! ਕੇਸੀ ਸ਼ਰਮਨਾਕ ਅਤੇ ਦਿਲਨੂੰ ਚੀਰ ਦੇਣ ਵਾਲੀ ਗੰਦੀ ਕਰਤੂਤ ਹੈ, ਹੁਕਮ ਦਿੱਤਾ ਹੀ ਨਹੀਂ, ਸਗੋਂ ਚੀਰ ਹਰਨ ਲਗ ਪਏ। ਪਾਂਡਵ ਖੜੇ ਦੇਖਦੇ ਸਨ ਅਤੇ ਚੁਪ ਸਨ।

ਇਸ ਸਮੇਂ ਇਸਤ੍ਰੀਆਂ ਨੂੰ ਵਰ ਚੁਨਣ ਦਾ ਕੋਈ ਅਧਿਕਾਰ ਨ ਰਿਹਾ ਅਤੇ ਧਾਰਮਿਕ ਅਤੇ ਗ੍ਰਿਹਸਤ ਦੇ ਕੰਮਾਂ ਵਿਚ ਭੀ ਇਹਨਾਂ ਨੂੰ ਹਿੱਸਾ ਦੇਣੋਂ ਨਾਂਹ ਕੀਤੀ ਗਈ, ਪਰ ਇਸਤ੍ਰੀਆਂ ਉਸ ਸਮੇਂ ਭੀ ਵਿਦਯਾ ਪ੍ਰਾਪਤ ਕਰਦੀਆਂ ਸਨ। ਅੰਬਾ ਆਪਣ ਵਿਦਯਾ ਗੁਰੂ ਦੇ ਪਾਸ ਹੀ ਰਹਿੰਦੀ ਸੀ, ਇਸਤ੍ਰੀਆਂ ਰਿਸ਼ੀ ਉਸ ਸਮੇਂ ਭੀ ਸਨ। ਜਿਨ੍ਹਾਂ ਵਿਚੋਂ ਗਾਗਰੀ, ਵਾਕਨਵੀ, ਵਦਾਵਾਪਰਥੇਈ, ਸੁਲਾਭਾ ਅਤੇ ਮੇਤਰੀ ਮਸ਼ਹੂਰ ਸਨ (ਸਾਂਖ ਗ੍ਰਿਹਸਤ ਸੂਤ੍ਰ ੪, ੧੦) ਵਿਵਾਹ ਸ਼ਾਦੀਆਂ ਦੇ ਪਿਛਲੇ ਜੈਸੇ ਹੀ ਰਵਾਜ ਸਨ। ਹੁਣ ਪਤੀ ਦਾ ਚੁਣਨਾ ਮਾਤਾ ਪਿਤਾ ਦੇ ਹੀ ਹੱਥ ਸੀ। ਲੜਕੀ ਦਾ ਪੇਸਾ ਲੇਣ ਵਾਲੇ ਨੂੰ ਬਹੁਤ ਦੁਰਕਾਰਿਆ ਹੈ ਅਤੇ ਇਸ ਪ੍ਰਕਾਰ ਵਿਵਾਹੀ ਹੋਈ ਇਸਤ੍ਰੀ ਨੂੰਦਾਸੀ ਕਹਿਆ ਗਿਆ ਹੈ। ਉਸਨੂੰ ਯੱਗ ਅੰਦਰ ਸੇਵਾ ਕਰਨ ਦਾ ਕੋਈ ਅਧਿਕਾਰ ਨਹੀਂ ਅਤੇ ਦਸਿਆ ਹੈ ਕਿ ਲੜਕੀ ਦਾ ਪੇਸਾ ਲੇਣ ਵਾਲੇ ਪਾਪੀ ਆਪਣੀਆਂ ਸਤ ਕੁਲਾਂ ਗਾਲ ਲੈਂਦੇ ਹਨ (ਬੁਧਯਾਨਾ ੧, ੧੧, ੨੧, ੧੦੩) ਮਨੂੰ ੩, ੫੨, ੫,।

ਵੱਖ ਵੱਖ ਵਰਨ, ਗੋਤ੍ਰ ਦੇ ਇਸਤ੍ਰੀ ਪੁਰਸ਼ਾਂ ਦੇ ਵਿਵਾਹੁਣ ਦਾ ਰਵਾਜ ਇਸ ਸਮੇਂ ਵੀ ਸੀ ਯਯਾਤੀ ਨਾਮ ਦੇ ਖੱਤ੍ਰੀ ਨੇ ਦਵਯਾਨੀ ਨਾਮ ਦੀ ਇਕ ਬ੍ਰਾਹਮਣਾਂ ਦੀ ਲੜਕੀ ਵਿਵਾਹੀ। ਸ਼ਨਤਾਨੂੰ ਰਾਜੇ ਨੇ ਮਾਛੀ ਦੀ ਲੜਕੀ ਸਤਵੰਤੀ ਵਿਵਾਹੀ ਅਤੇ ਭੀਮਸੇਨ ਨੇ ਹਰੰਭਾ ਨਾਲ ਵਿਵਾਹ ਕੀਤਾ।

ਬੁਧ ਮੱਤ ਅਤੇ ਇਸਤ੍ਰੀ ਜਾਤੀ ਦੀ ਮਾਨਤਾ !

ਬੁਧ ਧਰਮ ਦੀ ਸਿਖਿਆ ਅਨੁਸਾਰ ਇਸਤ੍ਰੀਆਂ ਵਿਚ ਗਿਆਨ ਧਾਰਨ ਕਰਨ ਦੀ ਸ਼ਕਤੀ ਮਨੁਸ਼ਾਂ ਦੇ ਮੁਕਾਬਲੇ ਘਟ ਮੰਨੀ ਗਈ ਹੈ। ਉਹ ਧਾਰਮਕ ਅਤੇ ਆਤਮਕ ਜੀਵਨ ਵਿਚ ਉਚਾ-

ਓਰਜਾ ਪ੍ਰਾਪਤ ਨਹੀਂ ਕਰ ਸਕਦੀਆਂ। ਬੁਧ ਮਤ ਬੜਾ ਹੀ ਸਰਲ ਮਤ ਹੈ, ਪਰ ਇਸ ਦੀਆਂ ਪੁਸਤਕਾਂ ਵਿਚ ਭੀ ਇਸਤ੍ਰੀਆਂ ਦੀ ਨਸ਼ੇਧੀ ਕੀਤੀ ਗਈ ਹੈ। ਜੇ ਅਮਲੀ ਤੌਰ ਤੇ ਦੇਖੀਏ ਤਾਂ ਕਿਸੇ ਮਜ਼ਬ, ਯਾ ਮੁਲਕ ਵਿਚ ਇਸਤ੍ਰੀਆਂ ਨੂੰ ਇਤਨੀ ਸਵਤੰਤ੍ਰਤਾ ਨਹੀਂ, ਜਿਤਨੀ ਉਨਾਂ ਦੇਸ਼ਾਂ ਵਿਚ ਹੈ, ਜਿਥੇ ਕਿ ਬੁਧ ਮਤ ਦੇ ਲੋਕ ਵਸਦੇ ਹਨ। ਪੁਸਤਕਾਂ ਅੰਦਰ ਇਹ ਗਲਾਂ ਹੁੰਦਿਆਂ ਹੋਇਆਂ ਭੀ ਬਾਹਰਲੇ ਦੇਸ਼ਾਂ ਅੰਦਰ ਬੁਧ ਮਤ ਦਾ ਪ੍ਰਚਾਰ ਭਿਕਸ਼ਣੀਆਂ ਨੇ ਬਹੁਤ ਕੀਤਾ। ਇਸ ਗਲ ਵਿਚ ਸਾਨੂੰ ਮਿਸ ਰਿਜ਼ਡੇਵਿਡਜ਼ ਨਾਲ ਸਹਿਮਤ ਹੋਣਾ ਪੈਂਦਾ ਹੈ, ਕਿ ਬੁਧ ਮਤ ਦੇ ਸਮੇਂ ਭਾਰਤਵਰਸ਼ ਦੀਆਂ ਇਸਤ੍ਰੀਆਂ ਨੇ ਮੁੜ ਫੇਰ ਭਾਰੀ ਤਰੱਕੀ ਕੀਤੀ। ਇਹ ਤਰੱਕੀ ਇਸਤ੍ਰੀਆਂ ਨੇ ਆਪਣੇ ਹੀ ਬਾਹੂ ਬਲ ਨਾਲ ਕੀਤੀ। ਮਨੁਸ਼ਾਂ ਨੇ ਉਹਨਾਂ ਦੀ ਮਦਦ ਕਰਨੀ ਤਾਂ ਇਕ ਪਾਸੇ ਸਗੋਂ ਸਦਾ ਹੀ ਵਿਰੋਧਤਾ ਕੀਤੀ।

ਐਥਿਕਸ ਆਫ ਇੰਡੀਆ ਵਿਚ ਪ੍ਰੋਫੇਸਰ ਹਾਪਕਿਨਜ਼ ਸਾਹਿਬ ਲਿਖਦੇ ਹਨ ਕਿ ਉਨੀਂ ਦਿਨੀਂ ਭਾਰਤਵਰਸ਼ ਅੰਦਰ ਇਸਤ੍ਰੀਆਂ ਨੂੰ ਨਰਕ ਦੇ ਰਸਤੇ ਵਲ ਖਿਚ ਲੈ ਜਾਣ ਵਾਲੀਆਂ ਮਸਾਲਾਂ ਸਮਝਿਆ ਜਾਂਦਾ ਸੀ ਜਾਤਕਾਂ ਅੰਦਰ ਤਾਂ ਸਾਰੀ ਦੀ ਸਾਰੀ ਹੀ ਇਸਤ੍ਰੀ ਜਾਤੀ ਨੂੰ ਬੁਰਾ ਕਹਿਆ ਗਿਆ ਹੈ ਜਾਤਕਾਂ ਦੀਆਂ ਕਹਾਣੀਆਂ ਦੇ ਕਥਨ ਅਨੁਸਾਰ ਸਾਰੀਆਂ ਹੀ ਇਸਤ੍ਰੀਆਂ ਜੇ ਉਨਾਂ ਨੂੰ ਮੌਕਾ ਮਿਲੇ, ਭੁਲਕੇ ਉਲਟੇ ਰਾਹ ਤੇ ਪੈ ਜਾਂਦੀਆਂ ਹਨ, ਨਾਰਦ ਜੀ ਲਿਖਦੇ ਹਨ ਕਿ ਸਮੁੰਦਰ, ਰਾਜਾ, ਬ੍ਰਾਹਮਣ ਅਤੇ ਇਸਤ੍ਰੀ ਇਹ ਚਾਰ ਸਦਾ ਹੀ ਰਹਿੰਦੇ ਹਨ (ਕੁਨਾਲਾ ਜਾਤਕਾ ਫੌਸਬੋਲ ੫, ੫੩੬) ਬੁਧ ਮਤ ਦੇ ਸਾਧੂ ਭੇਖ ਅੰਦਰ ੧੦੦ ਸਾਲ ਦੀ ਭਿਕਸ਼ਣੀ ਨੂੰ ੧੯ ਸਾਲ ਦੇ ਭਿਕਸ਼ੂ ਅਗੇ ਪ੍ਰਨਾਮ ਕਰਨੀ ਪੈਂਦੀ ਸੀ। ਪਰ ਇਨਾਂ ਔਕੜਾਂ ਦੇ ਹੁੰਦਿਆਂ ਹੋਇਆਂ ਭੀ ਉਸ ਸਮੇਂ ਅੰਦਰ ਐਸੀਆਂ ਇਸਤ੍ਰੀਆਂ ਸਨ, ਜੋ ਆਪਣੀ ਵਿਦ੍ਵਤਾ ਦੇ ਬਲ ਨਾਲ ਬੜੇ ੨ ਵਿਦਵਾਨ ਪੰਡਤਾਂ ਨੂੰ ਸ਼ਾਸਤ੍ਰਾਰਥ ਲਈ ਚੈਲੰਜ ਕਰਦੀਆਂ ਸਨ। ਬੁਧ ਮਤ ਅੰਦਰ ਪਰਦੇ ਦੀ ਕੋਈ

ਸਿਖਿਆ ਨਹੀਂ, ਬ੍ਰਹਮਾ, ਚੀਨ, ਜਾਪਾਨ ਆਦਿ ਮੁਲਕਾਂ ਅੰਦਰ ਜਿਥੇ ਕਿ ਅਜ ਕਲ ਇਸ ਮਜ਼ਬ ਦਾ ਪ੍ਰਚਾਰ ਹੈ, ਇਸਤ੍ਰੀਆਂ ਨੂੰ ਯੂਰਪ ਦੇ ਮੁਲਕਾਂ ਨਾਲੋਂ ਭੀ ਬਹੁਤ ਜ਼ਿਆਦਾ ਖੁਲ੍ਹ ਹੈ, ਇਨ੍ਹਾਂ ਮੁਲਕਾਂ ਦੀਆਂ ਇਸਤ੍ਰੀਆਂ ਆਪਣੀ ਇਸ ਸੁਤੰਤ੍ਰਤਾ ਨੂੰ ਯੂਰਪੀਨ ਇਸਤ੍ਰੀਆਂ ਵਾਂਕਰ ਅਯੋਗ ਤਰੀਕੇ ਨਾਲ ਨਹੀਂ ਵਰਤਦੀਆਂ, ਧਰਮ ਦਾ ਅੰਕਲ ਸਿਰ ਰਖਦੀਆਂ ਹਨ, ਪਰ ਯੂਰਪ ਵਾਲੀਆਂ ਸਿਰਫ ਸਰੀਰਕ ਖੁਸ਼ੀ ਪ੍ਰਾਪਤ ਕਰਨ ਨੂੰ ਹੀ ਪੂਰਨ ਸੁਖ ਸਮਝਦੀਆਂ ਹਨ।

ਬੁਧ ਮਤ ਦੀ ਸਿਕਸ਼ਾ ਅਨੁਸਾਰ ਅਤੇ ਉਸ ਜ਼ਮਾਨੇ ਅੰਦਰ ਲੜਕੀਆਂ ਦੇ ਵਿਆਹ ੧੬ ਯਾ ੧੭ ਸਾਲ ਦੀ ਆਯੂ ਵਿਚ ਹੁੰਦੇ ਸਨ। ਤਿੰਨ ਪ੍ਰਕਾਰ ਦੇ ਵਿਵਾਹ ਪ੍ਰਧਾਨ ਮੰਨੇ ਗਏ ਹਨ (ੳ) ਮਾਂ ਬਾਪ ਦੀ ਮਰਜ਼ੀ ਅਨੁਸਾਰ (ਅ) ਸੁਯੰਬਰ ਰੀਤੀ ਅਨੁਸਾਰ ਅਤੇ (ੲ) ਗੰਧਰਬ ਵਿਵਾਹ। ਆਮ ਤੌਰ ਤੇ ਪਹਿਲੀ ਅਤੇ ਦੂਜੀ ਕਿਸਮ ਦੇ ਵਿਵਾਹਾਂ ਦਾ ਰਵਾਜ ਸੀ, ਪਤਵੰਤੇ ਘਰਾਂ ਦੀਆਂ ਲੜਕੀਆਂ ਨੂੰ ਜਦ ਉਹ ਜਵਾਨ ਹੋ ਜਾਵਨ ਘਰੋਂ ਬਾਹਰ ਜਾਣ ਦੀ ਆਗਿਆ ਨਹੀਂ ਸੀ ਉਹਨਾਂ ਦੀ ਰਾਖੀ ਕੀਤੀ ਜਾਂਦੀ ਸੀ। ਬਹੁ-ਪਤੀ ਗਾਮਤਾ ਅਤੇ ਬਹੁਤੇ ਵਿਵਾਹ ਕਰਵਾਨ ਦੀ ਬੁਧ ਮਤ ਦੇ ਗ੍ਰੰਥਾਂ ਵਿਚ ਬਹੁਤ ਨਸ਼ੇਧੀ ਕੀਤੀ ਗਈ ਹੈ।

ਤਲਾਕ ਦੇਵਣ ਯਾ ਆਪਣੀ ਇਸਤ੍ਰੀ ਨੂੰ ਛੱਡ ਦੇਣ ਦਾ ਰਵਾਜ ਭੀ ਸੀ (ਥੇਰੀ ਕੋਮੈਂਟਰੀ ਪੰ ੨੬) ਵਿਧਵਾ ਵਿਵਾਹ ਦਾ ਰਵਾਜ ਭੀ ਸੀ (ਉਚੰਗਾ ਜਾਤਕਾ ਨੰ: ੬੭) ਅਤੇ ਮਹਾਵਮਸਾ ਗੀਗਰ ਟੇਕਸਟ ਪੰ: ੨੬੬-੭੦) ਇਸਤ੍ਰੀਆਂ ਨੂੰ ਆਪਣੀ ਜਾਇਦਾਦ ਸਮਝਿਆ ਜਾਂਦਾ ਸੀ। ਰਾਜੇ ਆਪਣੀਆਂ ਰਾਣੀਆਂ ਨੂੰ ਹੋਰ ਵਸਤੂਆਂ ਵਾਂਕਰ ਦਾਨ ਕਰ ਦਿੰਦੇ ਸਨ ਅਤੇ ਮੁੜ ਫੇਰ ਮੁਲ ਪੁਵਾਕੇ ਪੰਡਿਆਂ ਕੋਲੋਂ ਮਣਸੀਆਂ ਹੋਈਆਂ ਰਾਣੀਆਂ ਲੈ ਔਂਦੇ ਸਨ (ਵੋਮਨ ਇਨ ਬੁਧਿਸਟ ਲਿਟਰੇਚਰ ਪੰ: ੧੯)

ਪੜ੍ਹੀਆਂ ਹੋਈਆਂ ਅਤੇ ਵਿਦਵਾਨ ਇਸਤ੍ਰੀਆਂ ਉਸ ਸਮੇਂ ਬਹੁਤ ਸਨ ਸਮਯੁਤਾ ਨਿਕਾਯਾ ਅੰਦਰ ਸੁਕਾ ਨਾਮੀ ਭਿਖਣੀ ਦਾ

ਹਾਲ ਆਉਂਦਾ ਹੈ, ਇਹ ਇਕ ਬੜੀ ਵਿਦਵਾਨ ਇਸਤ੍ਰੀ ਸੀ ਰਾਜਗੜ੍ਹ ਜਾਕੇ ਇਸਨੇ ਧਾਰਮਕ ਵਿਸ਼ਿਆਂ ਉਤੇ ਬੜੇ ਹੀ ਸੁੰਦਰ ਭਾਸ਼ਨ ਕੀਤੇ ਇਕ ਯੱਖ ਉਤੇ ਇਹਨਾਂ ਭਾਸ਼ਨਾਂ ਦਾ ਇਤਨਾ ਅਸਰ ਹੋਇਆ ਕਿ ਉਹ ਮਸਤ ਹੋਕੇ ਰਾਜਗੜ੍ਹ ਦੀਆਂ ਗਲੀਆਂ ਅੰਦਰ ਢੰਡੋਰਾ ਦਿੰਦਾ ਫਿਰਦਾ ਸੀ ਕਿ ਸੁਕਾ ਮਾਖਿਓ ਵੰਡਦੀ ਹੈ, ਸਿਆਣਿਆਂ ਪੁਰਸ਼ਾਂ ਨੂੰ ਜਾਣਾ ਚਾਹੀਦਾ ਹੈ ਅਤੇ ਪੀਣਾ ਚਾਹੀਦਾ ਹੈ (ਵੇ. ਇ. ਬੁ. ਲਿ ਪੰ ੨੧੨–੨੧੪)

ਖੇਮਾ ਨੂੰ "ਵਿਨਾਯ" ਅੱਛੀ ਤਰਾਂ ਯਾਦ ਸੀ (ਦਿਪਵਮਸ, ਸੈਕਸ਼ਨ ੧੮), ਉਹ ਬੜੀ ਹੀ ਵਿਦਵਾਨ, ਹੁਸ਼ਿਆਰ ਅਤੇ ਸਿਆਣਪ ਦਾ ਕੋਟ ਸੀ, ਰਾਜਾ ਪਸਨੇਦੀ ਜੇਸੇ ਵਿਦਵਾਨ ਉਸ ਪਾਸ ਜਾਕੇ ਸ਼ੰਕਾ ਨਿਵਾਰਨ ਕਰਦੇ ਸਨ, ਖੀਰੀਗਾਥਾ ਵਿਚ ਭੱਦਾਕੁੰਡਲਕੇਸ਼ਾ ਦਾ ਜ਼ਿਕਰ ਆਂਵਦਾ ਹੈ, ਜਿਸਨੇ ਦੁਨੀਆਂ ਨੂੰ ਤਿਆਗਕੇ ਵਿੱਦਯਾ ਪੜ੍ਹੀ ਅਤੇ ਉਹ ਬੜੀ ਭਾਰੀ ਵਿੱਦਵਾਨ ਹੋਗਈ, ਕੋਈ ਆਦਮੀ ਸਵਾਏ ਸਿਰੀਪੁੱਤਾ ਦੇ ਸਾਸ਼ਤ੍ਰਾਰਥਾਂ ਵਿਚ ਉਸਦਾ ਮੁਕਾਬਲਾ ਨਹੀਂ ਕਰ ਸਕਦਾ ਸੀ, ਸਿਰੀਪੁਤਾ ਨੇ ਹੀ ਉਸਨੂੰ ਹਾਰ ਦਿਤੀ ਸੀ,

ਇਸਤ੍ਰੀਆਂ ਨੂੰ ਪਹਿਲਾਂ ਪਹਿਲਾਂ ਬੁੱਧ ਧਰਮ ਸੰਘ ਅੰਦਰ ਸ਼ਾਮਲ ਨਹੀਂ ਕੀਤਾ ਗਿਆ ਸੀ, ਇਸ ਸੰਬੰਧੀ ਬੁਧ ਮੱਤ ਦੇ ਗ੍ਰੰਥਾਂ ਵਿਚ ਇਸ ਪ੍ਰਕਾਰ ਲਿਖਿਆ ਹੈ। ਇਕ ਵਾਰ ਮਹਾਤਮਾ ਬੁਧ ਦੀ ਮਤ੍ਰੇਈ ਮਾਤਾ ਮਹਾਂਪਰਜਾਪਤੀ ਗੋਤਮੀ ਨੇ ਮਹਾਤਮਾ ਜੀ ਅੱਗੇ ਇਸ ਪ੍ਰਕਾਰ ਬੇਨਤੀ ਕੀਤੀ ਹੇ ਪਵਿਤ੍ਰ ਆਤਮਾ, ਕੀ ਅੱਛਾ ਹੋਵੇ, ਜੋ ਇਸਤ੍ਰੀਆਂ ਨੂੰ ਭੀ ਘਰ ਬਾਰ ਤਿਆਗਕੇ (ਤਥਾਗਾਤਾ) ਦੇ ਹੁਕਮ ਨੂੰ ਪਾਲਣ ਕਰਨ ਦੀ ਆਗਿਆ ਦਿੱਤੀ ਜਾਵੇ। ਮਹਾਤਮਾ ਬੁਧ ਜੀ ਨੇ ਸੋਚ ਵਿਚਾਰ ਕ ਹੇਠ ਲਿਖਿਆ ਉਤਰ ਦਿੱਤਾ "ਹੇ, ਗੋਤਮੀ, ਇਹ ਕਦੀ ਭੀ ਨਹੀਂ ਹੋ ਸਕਦਾ" ਗੋਤਮੀ ਨੇ ਦੋ ਤਿੰਨ ਵਾਰ ਪੁਛਿਆ, ਪਰ ਮਹਾਤਮਾ ਬੁਧ ਨੇ ਉਹੀ ਜਵਾਬ ਦਿੱਤਾ, ਫੇਰ ਆਪਣ ਨਿਕਟ-ਵਾਸੀ ਅਤੇ ਪਿਆਰੇ ਸ਼ਿਸ਼ ਅਨੰਦ ਦੇ ਕਹਿਣ ਤੇ ਉਹਨਾਂ ਨੂੰ ਸੰਘ ਅੰਦਰ ਦਾਖਲ ਕਰ ਲਿਆ ਅਤੇ ਮਹਾਤਮਾ ਬੁੱਧ ਨੇ ਉਸ ਸਮੇਂ ਅਨੰਦ ਨੂੰ ਇਉਂ ਕਿਹਾ।

"ਹੇ ਅਨੰਦ, ਜੇਕਰ ਇਸਤ੍ਰੀਆਂ ਨੂੰ ਗ੍ਰਿਸਤ ਆਸ਼੍ਰਮ ਨੂੰ ਤਿਆਗਕੇ ਤਥਾਗਾਤਾ ਦੀ ਦੱਸੀ ਹੋਈ ਸ਼ਿਕਸ਼ਾ ਅਤੇ ਨਿਯਮਾਂ ਨੂੰ ਧਾਰਨ ਕਰਨ ਦੀ ਆਗਿਆ ਨ ਹੁੰਦੀ, ਕਥਵਾ ਇਸਤ੍ਰੀਆਂ ਨੂੰ ਸੰਘ ਵਿਚ ਸ਼ਾਮਲ ਨਕੀਤਾ ਜਾਂਦਾ, ਤਾਂ ਹੇ ਅਨੰਦ, ਇਹ ਧਰਮ ਬਹੁਤ ਅਰਸੇ ਤਕ ਕਾਇਮ ਰਹਿੰਦਾ ਅਤੇ ਸ਼ੁਭ ਧਰਮ ਇਕ ਹਜ਼ਾਰ ਸਾਲ ਤਕ ਮਜ਼ਬੂਤ ਖੜਾ ਰਹਿੰਦਾ, ਪਰ ਹੁਣ ਹੇ ਅਨੰਦ ਜਦ ਇਸਤ੍ਰੀਆਂ ਨੂੰ ਇਸ ਧਰਮ ਅੰਦਰ ਆਵਨ ਦੀ ਆਗਿਆ ਮਿਲਗਈਹੈ, ਹੇਅਨੰਦ ਹੁਣ ਇਹ ਧਰਮ ਬਹੁਤ ਸਮੇਂ ਤਕ ਨਹੀਂ ਰਹੇਗਾ ਅਤੇ ਸ਼ੁਭ ਧਰਮ ਕੇਵਲ ੫੦੦ ਸਾਲ ਲਈ ਹੀ ਮਜ਼ਬੂਤ ਰਹੇਗਾ। ਹੇ ਅਨੰਦ, ਜਿਸ ਪ੍ਰਕਾਰ ਉਸ ਘਰ ਨੂੰ ਜਿਸ ਵਿਚ ਆਦਮੀ ਥੋੜੇ ਹੋਵਨ ਅਤੇ ਇਸਤ੍ਰੀਆਂ ਬਹੁਤੀਆਂ ਹੋਵਨ, ਚੋਰ ਬਹੁਤ ਹੀ ਸੁਖੱਲਿਆਂ ਲੁਟਕੇ ਲੈ ਜਾਂਦੇ ਹਨ। ਇਸ ਹੀ ਪ੍ਰਕਾਰ, ਹੇ ਅਨੰਦ, ਜਿਸ ਵੀ ਧਰਮ ਸੰਘ ਅਤੇ ਮੱਤ ਵਿਚ ਇਸਤ੍ਰੀਆਂ ਨੂੰ ਗ੍ਰਿਹਸਤ ਆਸ਼੍ਰਮ ਨੂੰ ਛੋਡਕੇ ਸੰਨਯਾਸ ਧਾਰਨ ਦੀ ਆਗਿਆ ਹੋਵੇਗੀ, ਉਹ ਧਰਮ ਕਦੇ ਭੀ ਬਹੁਤ ਸਮੇਂ ਤਕ ਕਾਇਮ ਨਹੀਂ ਰਹਿ ਸਕਦਾ। ਇਸੇ ਪ੍ਰਕਾਰ ਹੇ ਅਨੰਦ! ਜਿਸ ਪ੍ਰਕਾਰ ਸੋਹਣੀ ਵਧੀਆ ਧਾਨਾਂ ਦੀ ਖੇਤੀ ਉਤੇ ਕੋਹਰਾ ਪੇ ਜਾਵੇ ਅਤੇ ਉਹ ਧਾਨ ਰੁਕ ਜਾਂਦੇ ਹਨ, ਇਸੀ ਪ੍ਰਕਾਰ ਹੇ ਅਨੰਦ, ਜਿਸ ਧਰਮ-ਸੰਘ ਅੰਦਰ ਇਸਤ੍ਰੀਆਂ ਨੂੰ ਗ੍ਰਿਹ-ਸਤ ਧਰਮ ਛਡਕੇ ਸੰਨਯਾਸ ਧਾਰਨ ਕਰਨ ਦੀ ਆਗਿਆ ਦਿਤੀ ਜਾਵੇ ਉਹ ਧਰਮ ਕਦੇ ਭੀ ਬਹੁਤ ਚਿਰ ਤਕ ਕਾਇਮ ਨਹੀਂ ਰਹਿ ਸਕਦਾ। ਇਸੇ ਪ੍ਰਕਾਰ ਹੋਰ ਕਈ ਦ੍ਰਿਸ਼ਟਾਂਤ ਦਿੱਤੇ ਹਨ।

(ਵਿਨਾਯ ਟੈਕਸਟਸ ਸ. ਬ. ਈ. ਪ੨੨ ਪੰ: ੩੨੫, ੨੬)

ਅਨੰਦ ਦੀ ਸਫਾਰਸ਼ ਤੇ ਮਹਾਪਜਾਪਤੀ ਨੂੰ ਉਪਦੇਸ਼ ਦਿੱਤਾ ਗਿਆ। ਅਤੇ ੫੦੦ ਸਾਕੀਆਨ ਕੁਲਦੀਆਂ ਇਸਤ੍ਰੀਆਂ ਨੇ ਭੀ ਉਪਦੇਸ਼ ਲਿਆ। ਇਸ ਪ੍ਰਕਾਰ ਭਿਖਸ਼ੀ ਸੰਘ ਕਾਇਮ ਹੋ ਗਿਆ ਅਤੇ ਦੂਰ ਨੇੜੇ ਦੇ ਦੇਸਾਂ ਵਿਚ ਭਾਰਤਵਰਸ਼ ਦੇ ਨਗਰ ਅਤੇ ਗਲੀ ਗਲੀ ਜਾਕੇ ਇਹਨਾਂ ਭਿਕਸ਼ੂ ਭਿਕਸ਼ਣੀਆਂ ਨੇ ਬੁਧ ਧਰਮ ਦਾ ਅਦੁਤੀ ਸੰਦੇਸਾ ਪ੍ਰਾਣੀਆਂ ਤਕ ਪਹੁੰਚਾਇਆ।

ਮਹਾਤਮਾ ਬੁਧ ਜੀ ਦੀਆਂ ਕਥੀਆਂ ਹੋਈਆਂ ਗੱਲਾਂ ਠੀਕ ਹੋਈਆਂ, ਥੋੜੇ ਹੀ ਚਿਰ ਪਿਛੋਂ ਆਪਸ ਵਿੱਚ ਭਿੱਖੂ ਅਤੇ ਭਿਖਣੀ 'ਸੰਘ ਦੇ ਬਖੇੜੇ ਪੈ ਗਏ ਬੁਧ ਮਤ ਅੰਦਰ ਉਸ ਸਮੇਂ ਬੜੀਆਂ ਬੜੀਆਂ ਵਿਦਵਾਨ ਇਸਤ੍ਰੀਆਂ ਹੋਈਆਂ ਹਨ ਜਿਨ੍ਹਾਂ ਦਾ ਜ਼ਿਕਰ ਪ੍ਰੋਫੈਸਰ ਬਿਮਲ ਚੱਕਰ ਲਾਨੇ ਆਪਣੀ ਮਨੋਹਰ ਪੁਸਤਕ ਵੋਮਨ ਇਨ ਬੁਧਿਸਟ ਲਿਟਰੇਚਰ ਵਿਚ ਭਲੀ ਭਾਂਤ ਕੀਤਾ ਹੈ।

—o—

ਦੀਨ ਇਸਲਾਮ ਅਤੇ ਇਸਤ੍ਰੀਆਂ !

ਦੀਨ ਇਸਲਾਮ ਇਕ ਸੇਮੇਟਿਕ ਰਿਡੀਜ਼ਨ (ਧਰਮ) ਹੈ, ਇਹ ਹਿੰਦੁਸਤਾਨ ਵਿਚ ਉਤਪੰਨ ਨਹੀਂ ਹੋਇਆ, ਇਸਦੇ ਬਾਨੀ ਮੁਹੰਮਦ ਸਾਹਿਬ ਜੀ ਅਰਬ ਦੇਸ਼ ਦੇ ਰਹਿਣ ਵਾਲੇ ਅਠਵੀਂ ਸਦੀ ਮਸੀਹੀ ਵਿਚ ਹੋਏ ਹਨ। ਉਸ ਸਮੇਂ ਅਰਬ ਦੇਸ਼ ਅੰਦਰ ਮੂਰਖ, ਅੰਧ-ਵਿਸ਼ਵਾਸ਼ੀ, ਬੁਤਪੂਜ ਅਤੇ ਖ਼ੂਨੀ ਲੋਕ ਵਸਦੇ ਸਨ, ਮੁਹੰਮਦ ਸਾਹਿਬ ਜੀ ਨੇ ਇਨਾਂ ਕੁਰੀਤੀਆਂ ਦੇ ਵਿਰੁਧ ਪ੍ਰਚਾਰ ਕੀਤਾ, ਇਸ ਕਾਰਨ ਹੀ ਉਨਾਂ ਨੂੰ ਆਪਣਾ ਪਿਆਰਾ ਵਤਨ ਮੱਕਾ ਛਡਕੇ ਮਦੀਨੇ ਆਵਣਾ ਪਿਆ, ਇਹ ਮਾਨਨੀਯ ਬਜ਼ੁਰਗ ਥੋੜੇ ਚਿਰ ਪਿਛੋਂ ਖਿਲਾਫਤ ਕਾਇਮ ਕਰਕੇ ਬਹਿਸ਼ਤ ਵਿਚ ਜਾ ਬਿਰਾਜੇ, ਦੁਨੀਆਂ ਦੇ ਇਤਿਹਾਸ ਵਿਚ ਇਹ ਇਕ ਬੜਾ ਭਾਰੀ ਮੁਅਜਜ਼ਾ ਅਤੇ ਮੁਅੱਮਾ ਹੈ ਕਿ ਕਿਸ ਤਰਾਂ ਇਸਲਾਮ ਮਤ ਦੁਨੀਆਂ ਦੇ ਤਖਤੇ ਉਤੇ ਇਤਨੀ ਜਲਦੀ ਫੈਲ ਗਿਆ। ਮੁਹੰਮਦ ਸਾਹਿਬ ਜੀ ਦੀ ਮ੍ਰਿਤੂ ਤੋਂ ਦੋ ਸੌ ਸਾਲ ਪਿਛੋਂ ਮੁਸਲਮਾਨ ਲੋਕਾਂ ਤਲਵਾਰ ਦੇ ਜ਼ੋਰ ਈਰਾਨ, ਮਿਸਰ, ਰੋਮ, ਸਪੇਨ, ਅਫਗਾਨਿਸਤਾਨ, ਅਫਰੀਕਾ ਦਾ ਇਕ ਭਾਰੀ ਹਿਸਾ ਚੀਨ, ਆਸਟ੍ਰੇਲੀਆ, ਅਤੇ ਮਧਯ-ਪਰਾਂਤ ਯੂਰਪ ਦਾ ਦਰਯਾ ਡਨਯੂਬ ਤੋਂ ਉਰਾਰ ਦਾ ਦਖਣੀ ਦੇਸ਼ ਸਭ ਆਪਣੇ ਅਧੀਨ ਕਰ ਲਏ ਸਨ, ਦਸਵੀਂ ਅਤੇ ਗਿਆਰਵੀਂ ਸਦੀ ਮਸੀਹੀ

ਵਿਚ ਮੁਸਲਮਾਨਾਂ ਨੇ ਹਿੰਦੁਸਤਾਨ ਉਤੇ ਧਾਵੇ ਕਰਨੇ ਸ਼ੁਰੂ ਕੀਤੇ ਅਤੇ ਤੇਹਰਵੀਂ ਸਦੀ ਵਿਚ ਹੀ ਹਿੰਦੁਸਤਾਨ ਅੰਦਰ ਇਕ ਭਾਰੀ ਸਲਤਨਤ ਕਾਇਮ ਕਰ ਲਈ।

ਮੁਹੰਮਦ ਸਾਹਿਬ ਜੀ ਦੇ ਆਗਮਨ ਅਤੇ ਪ੍ਰਚਾਰ ਕਰਨ ਤੋਂ ਪਹਿਲਾਂ ਅਰਬ ਦੇਸ਼ ਅੰਦਰ ਇਸਤ੍ਰੀਆਂ ਦੀ ਹਾਲਤ ਬਹੁਤ ਬੁਰੀ ਸੀ। ਇਸਤ੍ਰੀਆਂ ਆਪਣੇ ਪਤੀ ਦੀ ਅਥਵਾ ਪਿਤਾ ਦੀ ਇਕ ਜਾਇਦਾਦ ਸਮਝੀਆਂ ਜਾਂਦੀਆਂ ਸਨ, ਪਿਤਾ ਦੀਆਂ ਵਿਧਵਾ ਇਸਤ੍ਰੀਆਂ ਨੂੰ ਪੁਤਰ ਯਾ ਉਸਦੀ ਜਾਇਦਾਦ ਦਾ ਵਾਰਸ ਹੱਕੀ ਜਾਇਦਾਦ ਵਾਂਕਰ ਆਪਣੇ ਪਾਸ ਰਖਦਾ ਸੀ, ਇਸ ਕਿਸਮ ਦੇ ਵਿਵਾਹਾਂ ਦੀ ਜਿਨਾਂ ਨੂੰ ਨਿਕਾਹ-ਉਲ-ਮੱਕਅਤ ਕਹਿੰਦੇ ਸਨ, ਮੁਹੰਮਦ ਸਾਹਿਬ ਨੇ ਬੜੀ ਨਿੰਦਾ ਕੀਤੀ ਹੈ, ਕੁਰੇਸ਼ ਅਤੇ ਕੁਰਦ ਕਬੀਲੇ ਦੇ ਲੋਕ ਆਪਣੀਆਂ ਬਚੀਆਂ ਨੂੰ ਜੀਉਂਦੀਆਂ ਹੀ ਜ਼ਮੀਨ ਵਿਚ ਦਬ ਦਿੰਦੇ ਸਨ(ਕੁਰਾਨ ਸੂਰਾ ੪,੧੩੮)ਲੜਕੀ ਦੇ ਜਨਮ ਦੀ ਖਬਰ ਸੁਣਕੇ ਆਦਮੀ ਬੜੀ ਸ਼ਰਮ ਖਾਂਦੇ ਸਨ (ਸੂਰਾ ੧੫, ੬੦, ੬੧) ਮੁਹੰਮਦ ਸਾਹਿਬ ਤੋਂ ਪਹਿਲਾਂ ਲੋਕਾਂ ਦੇ ਦਿਲਾਂ ਵਿਚ ਇਸਤ੍ਰੀਆਂ ਸਬੰਧੀ ਇਸ ਕਿਸਮ ਦੇ ਖਿਆਲ ਸਨ:—

(੧) ਇਸਤ੍ਰੀਆਂ ਸ਼ੈਤਾਨ ਦੀਆਂ ਛਮਕਾਂ ਹਨ।

(੨) ਬਾਦਸ਼ਾਹ, ਘੋੜਾ ਅਤੇ ਇਸਤ੍ਰੀ ਦਾ ਇਤਬਾਰ ਕਰਨਾ ਨਹੀਂ ਚਾਹੀਦਾ।

(੩) ਇਸਤ੍ਰੀ ਦੀ ਸਲਾਹ ਲੈਕੇ ਕੰਮ ਕਰਨ ਵਾਲਾ ਆਦਮੀ ਅਖੀਰ ਨੂੰ ਪਛਤਾਂਦਾ ਹੈ ਇਤਆਦਿ। ਮੁਹੰਮਦ ਸਾਹਿਬ ਨੇ ਅਰਬ ਦੀਆਂ ਇਸਤ੍ਰੀਆਂ ਲਈ ਬੜਾ ਹੀ ਸ਼ਲਾਘਾ ਯੋਗ ਕੰਮ ਕੀਤਾ, ਅਤ ਕੁਰਾਨ ਵਿਚ ਇਸਤ੍ਰੀਆਂ ਸਬੰਧੀ ਇਉਂ ਉਪਦੇਸ਼ ਹੈ:— (ਸੂਰਾ ੩੩, ੩੫) ਨਿਸ਼ਚੇ ਹੀ

"ਤਿਆਗੀ ਪੁਰਸ਼ ਅਤੇ ਤਿਆਗੀ ਇਸਤ੍ਰੀ"

"ਈਮਾਨ ਵਾਲਾ ਪੁਰਸ਼ ਅਤੇ ਈਮਾਨ ਵਾਲੀ ਇਸਤ੍ਰੀ"

"ਪ੍ਰਪੱਕ ਨਿਸਚੇ ਵਾਲਾ ਪੁਰਸ਼ ਅਤੇ ਪ੍ਰਪੱਕ ਨਿਸ਼ਚੇ ਵਾਲੀ ਇਸਤ੍ਰੀ"

"ਸਚਾ ਪੁਰਸ਼ ਅਤੇ ਸਚੀ ਇਸਤ੍ਰੀ"

"ਸਬਰ ਸਬੂਰੀ ਵਾਲਾ ਪੁਰਸ਼ ਅਤੇ ਸਬਰ ਸਬੂਰੀ ਵਾਲੀ ਇਸਤ੍ਰੀ"

"ਨਿਰਮਾਣ ਪੁਰਸ਼ ਅਤੇ ਨਿਰਮਾਣ ਇਸਤ੍ਰੀ"

"ਦਾਨੀ ਪੁਰਸ਼ ਅਤੇ ਦਾਨੀ ਇਸਤੀ"

"ਬ੍ਰਤਧਾਰੀ ਪੁਰਸ਼ ਅਤੇ ਬ੍ਰਤਧਾਰੀ ਇਸਤ੍ਰੀ"

"ਏਕਾ ਨਾਰੀ ਜਤੀ ਪੁਰਸ਼ ਅਤੇ ਸੁਹਾਗਣ ਇਸਤ੍ਰੀ"

ਅਤੇ "ਪ੍ਰਮਾਤਮਾ ਦਾ ਭਜਨ ਕਰਨ ਵਾਲੀ 'ਇਸਤ੍ਰੀ ਅਤੇ ਪੁਰਸ਼ਾਂ ਨੂੰ ਬਖਸ਼ਣ ਲਈ ਪ੍ਰਮਾਤਮਾ ਤਿਆਰ ਰਹਿੰਦਾ ਹੈ ਅਤੇ ਉਨਾਂ ਨੂੰ ਇਸ ਬਦਲੇ ਭਾਰੀ ਦਾਤ ਮਿਲਦੀ ਹੈ"(ਸੂਰਾ ੪, ੧) ਵਿਚ ਲਿਖਿਆ ਹੈ ਕਿ ਆਪਣੀਆਂ ਜਨਣ ਵਾਲੀਆਂ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਹਦੀਸ ਇਸਤ੍ਰੀਆਂ ਬਾਬਤ ਇਉਂ ਕਹਿੰਦੀ ਹੈ ਕਿ 'ਦੁਨੀਆਂ ਅਤੇ ਉਸ ਦੀਆਂ ਸਭੇ ਵਸਤੂ ਬਹੁ-ਮੁਲੀਆਂ ਹਨ' ਪਰ:—

(੧) ਇਨਾਂ ਨਾਲੋਂ ਵਧਕੇ ਬੇਅੰਤ ਮੁਲ ਵਾਲੀ 'ਗੁਣੀ ਇਸਤ੍ਰੀ ਹੁੰਦੀ ਹੈ'

(੨) ਪ੍ਰਮਾਤਮਾ ਉਸ ਮੁਸਲਮਾਨ ਨੂੰ ਦਾਤ ਬਖਸ਼ੇਗਾ, ਜਿਹੜਾ ਇਸਤ੍ਰੀ ਦੇ ਸੁਹੱਪਣ ਨੂੰ ਦੇਖਕੇ ਆਪਣੀਆਂ ਅਖੀਆਂ ਬੰਦ ਕਰ ਲੈਂਦਾ ਹੈ।

(੩) ਦੋ ਇਸਤਰੀਆਂ ਨੂੰ ਕਠੀਆਂ ਨਹੀਂ ਬੈਠਣਾ ਚਾਹੀਦਾ, ਕਿਉਂਕਿ ਇਕ ਦੂਸਰੀ ਇਕ ਦੂਸਰੀ ਬਾਬਤ ਆਪਣੇ ਪਤੀ ਨੂੰ ਦਸੇਗੀ ਇਸਦੇ ਅਰਥ ਇਹ ਹੋਏ ਕਿ ਉਹਨਾਂ ਦੇ ਪਤੀਆਂ ਨੇ ਇਕ ਦੂਸਰੇ ਦੀ ਇਸਤ੍ਰੀ ਨੂੰ ਦੇਖ ਲਿਆ।

(੪) ਇਕ ਵਾਰ ਇਸਤ੍ਰੀ ਦੇ ਮੂੰਹ ਵਲ ਤਕਣ ਦੇ ਪਿਛੋਂ ਦੂਜੀ ਵਾਰ ਨਾਂ ਤਕੋ ਕਿਉਂ ਨਿਸਚੇ ਹੈ, ਜੇ ਪਹਿਲੀ ਝਾਤੀ ਤਾਂ ਬਖਸ਼ਣ ਯੋਗ ਹੈ ਅਤੇ ਦੂਸਰੀ ਧਰਮ-ਵਿਰੁਧ' ਮੁਸਲਮਾਨੀ ਕਨੂੰਨ ਮੂਜਬ ਇਸਤ੍ਰੀਆਂ ਨੂੰ ਹੇਠ ਲਿਖੇ ਹਕ ਹਨ:—

(੧) ਜੁਆਨ ਇਸਤ੍ਰੀ ਆਪਣੇ ਵਾਰਸ ਦੀ ਮਰਜ਼ੀ ਤੋਂ

ਵਿਰੁਧ ਜਿਸ ਨਾਲ ਚਾਹੇ, ਵਿਵਾਹ ਕਰਵਾ ਸਕਦੀ ਹੈ ਅਤੇ ਬਿਅਹੁਤਾ ਕੁਆਰੀ ਉਸਦੀ ਮਰਜ਼ੀ ਤੋਂ ਬਗੈਰ ਵਿਆਹੀ ਨਹੀਂ ਜਾ ਸਕਦੀ।

(੨) ਇਸਤ੍ਰੀ (ਜਿਸ ਨੂੰ ਤਲਾਕ ਦਿੱਤਾ ਗਿਆ ਹੋਵੇ) ਯਾ ਜੋ ਵਿਧਵਾ ਹੋ ਗਈ ਹੋਵੇ, ਦੂਜੇ ਪਤੀ ਨਾਲ ਵਿਆਹ ਕਰ ਜਾ ਸਕਦੀ ਹੈ।

(੩) ਇਸਤ੍ਰੀ ਨਾਲ ਸਨਮਾਨ ਸਹਿਤ ਵਰਤਾਵ ਕਰਨਾ ਚਾਹੀਦਾ ਹੈ।

(੪) ਇਸਤ੍ਰੀਆਂ ਨੂੰ ਰਣ ਭੂਮੀ ਵਿਚ ਜਾਕੇ ਯੁਧ ਕਰਨ ਦੀ ਆਗਿਆ ਨਹੀਂ, ਪਰ ਉਸਦਾ ਪਤੀ ਉਸਨੂੰ ਫੌਜੀ ਮੁਹਿੰਮਾਂ ਵਿਚ ਨਾਲ ਲੈ ਜਾ ਸਕਦਾ ਹੈ। ਉਸਦਾ ਲੁਟ ਦੇ ਮਾਲ ਵਿਚ ਕੋਈ ਹਿੱਸਾ ਨਹੀਂ ਲੜਾਈ ਵਿਚ ਇਸਤ੍ਰੀ ਨੂੰ ਜਾਨੋਂ ਮਾਰਨਾ ਯੋਗ ਨਹੀਂ।

(੫) ਇਸਤ੍ਰੀ ਨੂੰ ਮਰਦਾਂ ਨਾਲੋਂ ਅੱਧਾ ਜੁਰਮਾਨਾ ਹੋਣਾ ਚਾਹੀਦਾ ਹੈ।

(੬) ਜੋ ਇਸਤ੍ਰੀ ਦੀਨ ਇਸਲਾਮ ਨੂੰ ਛਡ ਦੇਵੇ ਤਾਂ ਉਸ ਨੂੰ ਜਾਨ ਤੋਂ ਨਹੀਂ ਮਾਰ ਦੇਣਾ ਚਾਹੀਦਾ, ਪਰ ਉਸ ਨੂੰ ਉਸ ਸਮੇਂ ਤਕ ਕੈਦ ਰਖਣਾ ਚਾਹੀਦਾ ਹੈ ਜਦ ਤੱਕ ਮੁੜ ਉਹ ਫੇਰ ਮੁਸਲਮਾਨ ਨਾ ਬਣ ਜਾਵੇ।

(੭) ਦੋ ਇਸਤ੍ਰੀਆਂ ਦੀ ਗਵਾਹੀ ਇਕ ਆਦਮੀ ਦੀ ਸ਼ਾਹਦੀ ਦੇ ਬਰਾਬਰ ਹੈ।

(੮) ਪਰ-ਪੁਰਸ਼ ਨਾਲ ਗਮਨ ਕਰਨ ਦੇ ਅਪ੍ਰਾਧ ਵਿਚ ਇਸਤ੍ਰੀ ਨੂੰ ਜਾਨੋਂ ਮਾਰ ਦੇਣਾ ਚਾਹੀਦਾ ਹੈ।

ਇਹ ਇਕ ਬੜੀ ਹੀ ਅਸਚਰਜ ਵਾਲੀ ਗੱਲ ਹੈ ਕਿ ਮੁਸਲ-ਮਾਨ ਸ਼ਰਾਹ ਦੇ ਅਨੁਸਾਰ ਇਸਤ੍ਰੀਆਂ ਕਾਜ਼ੀ ਅਤੇ ਅਦਾਲਤੀ ਦਾ ਕੰਮ ਕਰ ਸਕਦੀਆਂ ਹਨ, ਪਰ ਉਹ ਹੱਦ (ਗੁਨਾਹ ਦੀ ਸਜ਼ਾ ਦੇਣ) ਅਤੇ ਕਸਾਸ (ਕਿਸੇ ਨੂੰ ਜਾਨੋਂ ਮਾਰ ਦੇਣ ਦੇ ਅਪ੍ਰਾਧ ਵਿਚ ਉਸਨੂੰ ਮਾਰ ਦੇਣਾ ਯਾ ਉਸਦੇ ਵਾਰਸਾਂ ਨੂੰ ਰੁਪਿਆ ਦਵਾਉਣਾ ਇਨ੍ਹਾਂ ਮੁਕੱਦ-ਮਿਆਂ ਵਿਚ ਫੈਸਲੇ ਨਹੀਂ ਦੇ ਸਕਦੀਆਂ (ਹਿਦਯਾਲ, ਗਰੇਡੀਜ਼ ਐਡੀਸ਼ਨ ਪੰਨਾ ੩੪੦।

ਨਿਕਾਹ ਕਰਨਾ ਯਾ ਗ੍ਰਿਹਸਤ ਆਸ਼੍ਰਮ ਭੋਗਣ, ਹਰ ਇਕ ਮੁਸਲਮਾਨ ਦਾ ਇਹ ਫਰਜ਼ ਹੈ ਮੁਹੰਮਦ ਸਾਹਿਬ ਜੀ ਨੇ ਇਕੱਲੇ ਯਾ ਛੜੇ ਰਹਿਣ ਨੂੰ ਬੜਾ ਹੀ ਬੁਰਾ ਮੰਨਿਆ ਹੈ। ਆਪ ਨੇ ਹਦੀਸ ਵਿਚ ਲਿਖਿਆ ਹੈ ਕਿ ਜਦ ਮੋਮਨ ਵਿਵਾਹ ਕਰਦਾ ਹੈ ਤਾਂ ਉਹ ਆਪਣੇ ਧਰਮ ਨੂੰ ਅੱਧਾ ਪੂਰਾ ਕਰਦਾ ਹੈ।

ਲਿਖਿਆ ਹੈ ਕਿ ਇਕ ਵਾਰ ਮੁਹੰਮਦ ਸਾਹਿਬ ਨੂੰ ਇਕ ਬੜਾ ਜ਼ਬਰਦਸਤ ਜੁਆਨ ਮਿਲਿਆ ਆਪ ਨੇ ਉਸਨੂੰ ਪੁਛਿਆ ਕਿ "ਕੀ ਤੂੰ ਵਿਆਹਿਆ ਹੋਇਆ ਹੈਂ ?" ਉਸਨੇ ਉਤਰ ਦਿਤਾ ਕਿ ਜੀ ਨਹੀਂ। ਮੁਹੰਮਦ ਸਾਹਿਬ ਜੀ ਨੇ ਕਿਹਾ, "ਕੀ ਤੂੰ ਰੋਜ਼ੇ ਰਖਦਾ ਹੈਂ" ਤਾਂ ਉਸਨੇ ਫਿਰ ਕਿਹਾ ਕਿ ਨਹੀਂ ਤਾਂ ਮੁਹੰਮਦ ਸਾਹਿਬ ਨੇ ਉਸਨੂੰ ਇਓਂ ਕਿਹਾ ਕਿ ਤੇਰੀ ਸ਼ਰੀਰਕ ਅਵਸਥਾ ਬੜੀ ਹੀ ਅੱਛੀ ਹੈ, ਤੂੰ ਸੁੰਦਰ ਹੈਂ ਅਤੇ ਤਾਕਤ ਵਾਲਾ ਹੈਂ, ਰੋਜ਼ੇ ਤੂੰ ਰਖਦਾ ਨਹੀਂ ਜਿਸ ਕਰਕੇ ਤੇਰਾ ਆਪਣੀਆਂ ਇੰਦ੍ਰੀਆਂ ਉਤੇ ਕਾਬੂ ਹੋਵੇ। ਸੋ ਇਹ ਗੱਲ ਨਿਸ਼ਚੇ ਹੀ ਹੈ ਜੋ ਤੂੰ ਗੁਨਾਹ ਕਰਦਾ ਹੋਵੇਂਗਾ। ਮੁਸਲਮਾਨਾਂ ਅੰਦਰ ਫਕੀਰ ਅਤੇ ਤਿਆਗੀ ਲੋਕ ਭੀ ਵਿਵਾਹ ਕਰਵਾਂਦੇ ਹਨ। ਮੁਹੰਮਦ ਸਾਹਿਬ ਜੀ ਦੇ ਸਾਥੀ 'ਉਸਮਾਨ, ਬਿਨ, ਮਜ਼ੂਨ' ਵਿਵਾਹ ਕਰਵਾਨਾਂ ਨਹੀਂ ਚਾਹੁੰਦੇ ਸਨ, ਮੁਹੰਮਦ ਸਾਹਿਬ ਜੀ ਨੇ ਉਹਨਾਂ ਨੂੰ ਇਸ ਪ੍ਰਕਾਰ ਦਾ ਜੀਵਨ ਬਤੀਤ ਕਰਨ ਦੀ ਆਗਿਆ ਨ ਦਿੱਤੀ।

ਮੁਹੰਮਦ ਸਾਹਿਬ ਜੀ ਨੇ ਨਿਕਾਹ ਬਾਬਤ ਹੇਠ ਲਿਖੀਆਂ ਗੱਲਾਂ ਕਹੀਆਂ ਹਨ।

(੧) ਵਧਕੇ ਵਿਆਹ ਉਹ ਹੈ ਜਿਸ ਉਤੇ ਦੋਹਾਂ ਪਾਸਿਆਂ ਨੂੰ ਥੋੜਾ ਦੁਖ ਹੋਵੇ ਅਤੇ ਜਿਸ ਉਤੇ ਥੋੜੀ ਮਾਇਆ ਖਰਚ ਹੋਵੇ।

(੨) ਇਸਤ੍ਰੀ ਨੂੰ ਵਿਆਹੁਣ ਲਈ ਉਸਦੀ ਮਾਇਆ, ਉਸਦੇ ਸਨਮਾਨ, ਉਸਦੇ ਸੁਹੱਪਣ ਅਤੇ ਉਸਦੇ ਧਰਮ, ਇਨ੍ਹਾਂ ਗੁਣਾਂ ਵਿਚੋਂ ਕੋਈ ਇਕ ਗੁਣ ਦੇਖਣਾ ਚਾਹੀਦਾ ਹੈ, ਪਰ ਹਮੇਸ਼ਾਂ ਧਾਰਮਕ ਜੀਵਨ ਬਤੀਤ ਕਰਨ ਵਾਲੀ ਇਸਤ੍ਰੀ ਨਾਲ ਵਿਵਾਹ ਕਰਵਾਓ। ਬਾਕੀ ਦੇ ਗੁਣਾਂ ਵਾਲੀਆਂ ਇਸਤ੍ਰੀਆਂ ਨਾਲ ਵਿਆਹ

ਕਰਵਾਕੇ ਰੀਦ ਨਾਲ ਹੀ ਹੱਥ ਮਲਣੇ ਹਨ।

ਮੁਸਲਮਾਨਾਂ ਅੰਦਰ ਚਾਰ ਤਕ ਇਸਤ੍ਰੀਆਂ ਵਿਆਹੁਣ ਦੀ ਆਗਿਆ ਹੈ ਅਤੇ ਕਨੀਜ਼ਾਂ ਜਿਤਨੀਆਂ ਜੀ ਚਾਹੇ ਰਖ ਸਕਦਾ ਹੈ (ਸੂਰਾ੪,੩)ਮੁਸਲਮਾਨੀ ਸ਼ਰਹ ਦੇ ਅਨੁਸਾਰ ਵਿਵਾਹਇਕ ਸਿਵਲ ਕਾਨਟਰੈਕਟ ਹੈ, ਇਸਤ੍ਰੀ ਪੁਰਸ਼ ਜਦ ਚਾਹੁਣ ਇਕ ਦੂਜੇ ਨੂੰ ਸੁਲਹ ਸਫਾਈ ਨਾਲ ਛਡ ਸਕਦੇ ਹਨ। ਇਸਤ੍ਰੀਆਂ ਨੂੰ ਪਲੀਤ ਮੰਨਿਆ ਜਾਂਦਾ ਹੈ ਅਤੇ ਇਸਤ੍ਰੀਆਂ ਮਸੀਤ ਅੰਦਰ ਜਾਕੇ ਨਮਾਜ਼ ਨਹੀਂ ਪੜ੍ਹ ਸਕਦੀਆਂ।

ਹਿੰਦੁਸਤਾਨ ਅੰਦਰ ਪਰਦੇ ਦਾ ਰਵਾਜ ਅਮੀਰ ਤੈਮੂਰ ਦੇ ਹਿੰਦੁਸਤਾਨ ਵਿਚ ਆਵਨ ਸਮੇਂ ਸੰਨ ੧੩੯੮ ਈਸਵੀ ਦੇ ਵਕਤ ਤੋਂ ਸ਼ੁਰੂ ਹੋਇਆ, ਉਸਨੇ ਹੁਕਮ ਦਿੱਤਾ ਕਿ ਸਾਡੀਆਂ ਇਸਤ੍ਰੀਆਂ ਕਾਫਰਾਂ ਦੇ ਸਾਹਮਣੇ ਨੰਗੇ ਮੂੰਹ ਮਤ ਫਿਰਨ। ਅਜ ਕਲ ਭੀ ਪਤਵੰਤੇ ਅਤੇ ਅਮੀਰ ਮੁਸਲਮਾਨ ਘਰਾਣਿਆਂ ਨੂੰ ਛੱਡਕੇ ਗ਼ਰੀਬ ਅਤੇ ਪਿੰਡਾਂ ਦੇ ਰਹਿਣ ਵਾਲੇ ਮੁਸਲਮਾਨਾਂ ਅੰਦਰ ਕੋਈ ਪਰਦਾ ਨਹੀਂ।

ਸਿਖ ਧਰਮ ਅਤੇ ਇਸਤ੍ਰੀ ਜਾਤੀ

ਮੁਸਲਮਾਨਾਂ ਦੇ ਸਮੇਂ ਅੰਦਰ ਭਾਰਤਵਰਸ਼ ਦੀਆਂ ਅਬਲਾ ਇਸਤ੍ਰੀਆਂ ਉਤੇ ਜ਼ੁਲਮ ਅਤੇ ਅਨਿਆਇ ਦੇ ਝਖੜ ਝੁਲੇ, ਹਿੰਦੂ ਇਨਾਂ ਨੂੰ ਸ਼ੂਦਰ, ਨਿਰਕਾਰਣ ਦੀ ਸ਼ਿਖਾ, ਬਿਲ ਦੀਆਂ ਬੇਲਾਂ, ਫਰੇਬਣਾਂ ਅਤੇ ਦਗੇ ਬਾਜਣਾਂ ਸਮਝਦੇ ਸਨ ਅਤੇ ਮੁਸਲਮਾਨਾਂ ਲਈ ਇਸਤ੍ਰੀਆਂ "ਸਿਰਫ ਕਾਮ ਦੀ ਅਗਨੀ ਨੂੰ ਠੰਡਾ ਕਰਨ ਦਾ ਇਕ ਖਿਲੌਣਾ ਹੀ ਸਨ" ਇਨਾਂ ਸਮਿਆਂ ਅਤੇ ਰਾਜ ਰੌਲਿਆਂ ਅੰਦਰ ਹਿੰਦੁਸਤਾਨ ਦੀਆਂ ਮ੍ਰਿਗਨੇਨੀ ਇਸਤ੍ਰੀਆਂ ਦੀ ਕੀਮਤ ਬਾਹਰਲੇ ਦੇਸ਼ਾਂ ਅੰਦਰ ਦੋ ਦੋ ਰੁਪਯੇ ਪਈ, ਲੜਕੀਆਂ ਨੂੰ ਜੰਮਦਿਆਂ ਹੀ ਮਾਰ ਦਿਤਾ ਜਾਂਦਾ ਸੀ। ਉਨਾਂ ਦੀ ਪਾਲਨਾ ਭਲੀ ਪ੍ਰਕਾਰ ਨਹੀਂ ਕੀਤੀ ਜਾਂਦੀ ਸੀ, ਪਤੀ ਦੇ ਮਰਨ ਤੋਂ ਪਿਛੋਂ ਇਸਤ੍ਰੀਆਂ ਨੂੰ ਧਿੰਗੋਜ਼ੋਰੀ ਸਤੀ ਕਰ ਦਿਤਾ ਜਾਂਦਾ ਸੀ। ਵਿਧਵਾ ਦਾ ਸਿਰ ਮੁੰਨ ਦਿਤਾ ਜਾਂਦਾ ਸੀ। ਉਸਦੇ ਮਥੇ ਲਗਣਾ ਅਪਸ਼ਗਣ ਸਮਝਿਆ

ਜਾਂਦਾ ਸੀ । ਲੋਕੀਂ ਆਪਣੀਆਂ ਬੱਚੀਆਂ ਨੂੰ ਦੇਵਦਾਸੀਆਂ ਬਨਾਣ ਲਈ ਮੰਦਰਾਂ ਵਿਚ ਚੜ੍ਹਾ ਆਂਵਦੇ ਸਨ । ਵਿਧਵਾ ਇਸਤ੍ਰੀਆਂ ਨੂੰ ਬੜੇ ਬੜੇ ਦੁਖ ਦੇਕੇ ਮਾਰਿਆ ਜਾਂਦਾ ਸੀ । ਪੰਡਿਤਾਂ ਨੇ ਕਈ ਪ੍ਰਕਾਰ ਦੇ ਭੈੜੇ ਵਹਿਮ ਉਨਾਂ ਦੇ ਮਨਾਂ ਅੰਦਰ ਪਾ ਦਿਤੇ ਸਨ। ਵਿਧਵਾ ਇਸਤ੍ਰੀਆਂ ਨੂੰ ਕਾਸ਼ੀ ਕਰਵਤ ਨਾਲ ਚੀਰਕੇ ਦੋ ਫਾਟ ਕਰ ਦਿਤਾ ਜਾਂਦਾ ਸੀ, ਅਤੇ ਉਨਾਂ ਤੋਂ ਸਾਰੇ ਦਾ ਸਾਰਾ ਮਾਲ, ਧਨ ਆਦਿ ਪੁੰਨ ਕਰਵਾ ਅਥਵਾ ਲੁਟ ਲਿਆ ਜਾਂਦਾ ਸੀ, ਪੌਣਡੋਬੀ, ਜਲਡੋਬੀ ਆਦਿ ਕਸ਼ਟ ਦੇਕੇ ਵਿਧਵਾ ਇਸਤ੍ਰੀਆਂ ਮਾਰੀਆਂ ਜਾਂਦੀਆਂ ਸਨ । ਚੰਦਰੇਣੀ ਬਰਤ ਰਖਕੇ ਉਹ ਧੀਰੇ ਧੀਰੇ ਆਪਣਾ ਆਤਮਘਾਤ ਕਰ ਲੈਂਦੀਆਂ ਸਨ ।

ਸ੍ਰੀ ਗੁਰੂ ਨਾਨਕ ਦੇਵ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਦਸਾਂ ਜਾਮਿਆਂ ਅੰਦਰ ਕੁਧਰਮ, ਅੰਧ ਵਿਸ਼ਵਾਸ਼ ਅਤੇ ਅੰਧੇਰ ਵਿਚ ਫਸੀ ਹੋਈ ਜਨਤਾ ਨੂੰ ਸਤਯ ਗਿਆਨ ਦਾ ਚੰਦ੍ਰਮਾਂ ਚਾੜ੍ਹਕੇ ਚਾਨਣਾ ਅਤੇ ਸੀਤਲਤਾ ਬਖਸ਼ੀ, ਉਸਦੇ ਨਾਲ ਨਾਲ ਇਸਤ੍ਰੀ ਜਾਤੀ ਉਤੇ ਤਾਂ ਹਦ ਤੋਂ ਵਧਕੇ ਉਪਕਾਰ ਕੀਤਾ, ਦੁਨੀਆਂ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਸਭ ਨਾਲੋਂ ਪੇਹਲੇ ਮਹਾਂ ਪੁਰਸ਼ ਹੋਏ ਹਨ, ਜਿਨਾਂ ਨੇ ਮਨੁਸ਼ ਅਤੇ ਇਸਤ੍ਰੀ ਦੇ ਵਖਰੇ ਸ੍ਰੇਣੀ—ਬੋਧਕ ਪਦਾਂ ਨੂੰ ਉਡਾਕੇ ਆਤਮਕ ਗਿਆਨ ਦਾ ਭੰਡਾਰ ਸਰਬ ਮਨੁਸ਼ ਜਾਤੀ ਲਈ ਖੋਲ੍ਹਿਆ । ਗੁਰਬਾਣੀ ਅੰਦਰ ਇਸਤ੍ਰੀ ਜਾਤੀ ਦੀ ਮਹਿਮਾ ਬੜੇ ਹੀ ਉਚੇ ਸ਼ਬਦਾਂ ਵਿਚ ਕੀਤੀ ਹੋਈ ਹੈ । ਸਿਖ ਧਰਮ ਦੀ ਸਿਖਸ਼ਾ ਅਨੁਸਾਰ ਪ੍ਰਮਾਤਮਾ ਦੀ ਪ੍ਰਾਪਤੀ ਲਈ ਅਤੇ ਸਤਯ ਗਿਆਨ ਦੇ ਗ੍ਰਹਿਣ ਕਰਨ ਲਈ ਇਸਤ੍ਰੀ ਅਤੇ ਪੁਰਸ਼ ਦੋਹਾਂ ਦੀ ਅਵਸ਼ਕਤਾ ਇਕੋ ਜੇਹੀ ਮੰਨੀ ਗਈ ਹੈ। ਸਿਖ ਧਰਮ ਦੇ ਮਾਨਨੀਯ ਗ੍ਰੰਥਾਂ ਅਨੁਸਾਰ ਇਸਤ੍ਰੀ ਅਤੇ ਪੁਰਸ਼ ਦੇ ਪਦਾਂ ਦਾ ਭੇਦ ਕੇਵਲ ਇਕ ਵਿਆਕਰਨ ਦਾ ਦੋਸ਼ ਹੀ ਹੈ। ਜੈਸਾ ਹੱਕ ਮਰਦਾਂ ਨੂੰ ਬਾਣੀ ਪੜ੍ਹਨ ਦਾ ਹੈ, ਐਸਾ ਹੀ ਗੁਰੂ ਸਿਖਣੀਆਂ ਨੂੰ ਭੀ ਹੈ। ਸੰਗਤ ਵਿਚ ਇਸਤ੍ਰੀ ਅਤੇ ਪੁਰਸ਼ ਦੀ ਕੋਈ ਤਫਰੀਕ ਨਹੀਂ । ਖ਼ਾਲਸਾ ਧਰਮ ਅਨੁਸਾਰ ਸੰਗਤ ਦੇ

ਅਰਥਾਂ ਵਿਚ ਬਾਲ, ਬਚੇ, ਬਿਧ, ਇਸਤ੍ਰੀਆਂ, ਕਵਾਰੀਆਂ ਅਤੇ ਵਿਆਹੁੜਾਂ ਆਦਿ ਸਭ ਸ਼ਾਮਲ ਹਨ। ਬੁਧ ਮਤ ਦੇ ਇਸਤ੍ਰੀ ਸਿੰਘ ਦੀ ਤਰ੍ਹਾਂ (ਸਮੂੰਹ ਸੰਗਤ ਮਾਈ ਭਾਈ) ਤੋਂ ਵੱਖਰਾ ਇਸਤ੍ਰੀਆਂ ਦਾ ਆਪਣਾ ਸੁਤੰਤ੍ਰ ਕੋਈ ਸੰਘ ਯਾ ਜੱਥਾ ਨਹੀਂ ਹੈ ਅਤੇ ਨਾ ਹੀ ਹੋ ਸਕਦਾ ਹੈ। ਖੰਡੇ ਦੀ ਪਾਹੁਲ ਲੈਣ ਦਾ, ਜੰਗ ਕਰਨ ਦਾ, ਗ੍ਰਿਹਸਤ ਸੰਭਾਲਣ ਦਾ, ਧਰਮ ਖਾਤਰ ਜਾਨ ਦੇਣ ਦਾ, ਜੈਸਾ ਹੱਕ ਸਿਖਾਂ ਨੂੰ ਹੈ ਐਸਾ ਹੀ ਗੁਰੂ ਸਿਖਣੀਆਂ ਨੂੰ ਭੀ ਹੈ"

ਸਿਖ ਧਰਮ ਦੀ ਸਿਖਸ਼ਾ ਅਨੁਸਾਰ ਇਸਤ੍ਰੀਆਂ ਆਤਮਕ, ਪ੍ਰਮਾਰਥਕ, ਧਾਰਮਕ, ਬਿਵਹਾਰਕ, ਗ੍ਰਿਹਸਤ ਅਤੇ ਸਮਾਜਕ ਕੰਮਾਂ ਵਿਚ ਸਾਂਝੀਵਾਲ ਹਨ। ਸਿਖ ਗੁਰੂਆਂ ਨੇ ਇਸਤ੍ਰੀ ਜਾਤੀ ਦੀ ਨਿੱਘਰਦੀ ਜਾਂਦੀ ਦਸ਼ਾ ਨੂੰ ਮਹਸੂਸ ਕੀਤਾ ਅਤੇ ਉਹਨਾਂ ਦੇ ਦੁਖ ਭਲੀ ਭਾਂਤ ਨਿਵਾਰੇ। ਗੁਰਬਾਣੀ ਅੰਦਰ ਅਤੇ ਸਿਖਾਂ ਦੇ ਮਾਨਨੀਯ ਗ੍ਰੰਥਾਂ ਅੰਦਰ ਖਾਲਸਾ ਪੰਥ ਦੀ ਸ਼ਰਨ ਆਏ ਸਭ ਇਸਤ੍ਰੀ ਪੁਰਸ਼ਾਂ ਨੂੰ ਗੁਰਮੁਖ ਅਤੇ ਗੁਰ ਸਿੱਖ ਹੀ ਕਿਹਾ ਗਿਆ ਹੈ।

ਸਿਖ ਧਰਮ ਸਿਖਸ਼ਾ ਅਨੁਸਾਰ ਗੁਰ ਸਿਖ ਨੂੰ ਇਕ ਇਸਤ੍ਰੀ ਹੀ ਰੱਖਣੀ ਯੋਗ ਹੈ, ਭਾਈ ਗੁਰਦਾਸ ਜੀ ਲਿਖਦੇ ਹਨ –

"ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ",

ਯਾ ਪ੍ਰੇਮ ਸੁਮਾਰਗ ਅੰਦਰ ਲਿਖਿਆ ਹੈ ਜੋ "ਵਿਆਹਤਾ ਇਸਤ੍ਰੀ ਸੇ ਸਵਾਇ ਅਉਰ ਇਸਤ੍ਰੀ ਨ ਕਰੇ, ਏਕ ਇਸਤ੍ਰੀ ਪਰ ਸੰਤੋਖ ਕਰਨਾ ਵਡੇ ਪੁਰਖ ਕਾ ਕਾਮ ਹੈ।

ਭਾਈ ਗੁਰਦਾਸ ਜੀ ਨੇ ਇਸਤ੍ਰੀ ਨੂੰ ਕਿਹਾ ਸੋਹਣਾ ਪਤਿਬ੍ਰਤ ਰਹਿਣ ਦਾ ਉਪਦੇਸ਼ ਦਿੱਤਾ ਹੈ, ਕਬਿੱਤ ਸਵੱਯੇ ਭਾਈ ਗੁਰਦਾਸ (੧੧੯–੧੬੪)ਗੁਰੂ ਹਰਿਗੋਬਿੰਦ ਸਾਹਿਬ ਜੀ ਮੀਰੀ ਪੀਰੀ ਦੇ ਮਾਲਿਕ ਆਪਣੀ ਪ੍ਰਾਨ ਪਿਆਰੀ ਸਪੁਤ੍ਰੀ ਬੀਬੀ ਵੀਰੋ ਨੂੰ ਵਿਆਹ ਸਮੇਂ ਇਉਂ ਉਪਦੇਸ਼ ਕਰਦੇ ਹਨਃ—

'ਸੁਨ ਬੀਬੀ ਮੈਂ ਤੁਝੇ ਸੁਨਾਊਂ,
ਪਤਿ ਕੀ ਮਹਿਮਾ ਕਹਿ ਤਕ ਗਾਊਂ ॥'
'ਪਤਿ ਸੇਵਕ ਕੀ ਸੇਵਾ ਸਫਲੀ,

ਪਤਿ ਬਿਨ ਔਰ ਫਰੇ ਸਭ ਨਕਲੀ ॥'
'ਬਜ਼ੁਰਗਨ ਕੀ ਇਜ਼ਤ ਬਹੁ ਕਰਨੀ,
ਸਾਸ ਸੇਵ ਰਿਦ ਮਾਂਹ ਸੋ ਧਰਨੀ ।'
'ਸੁਣ ਪੁਤਰੀ ਪ੍ਰਾਨਨ ਤੇ ਪਿਆਰੀ,
ਜਿਸਤੇ ਬੇਸ ਬਿਡੇ ਸੁਖਕਾਰੀ ॥'
'ਕੁਲ ਕੀ ਬਾਤ ਚਿਤ ਮੇਂ ਧਰਨੀ,
ਖੋਟੀ ਸੰਗਤ ਨਹੀਂ ਸੋ ਕਰਨੀ ॥'
'ਪ੍ਰਾਤੇ ਉਠ ਕਰ ਮੱਜਨ ਕਰੀਯੋ,
ਗੁਰਬਾਣੀ ਕੋ ਮੁਖ ਤੇ ਉਚਰੀਯੋ ॥'
'ਪੁਨਾ ਔਰ ਵਿਵਹਾਰ ਜੋ ਕੋਈ,
ਭਲੇ ਸੰਭਾਲਹੁ ਨੀਕੇ ਸੋਈ ॥'
'ਮੋ ਢਿਗ ਉਪਾਲੰਭ ਨਹੀਂ ਆਵੈ,
ਐਸੀ ਭਾਂਤ ਸਰਬ ਸੁਖ ਪਾਵੈ ॥'
(ਗੁਰ ਬਿਲਾਸ ਪਾ: ਛੇਵੀਂ)

ਪਤਿ ਸੇਵਾ ਉਤਮ ਧਰਮ ਅਤੇ ਸ੍ਰੇਸ਼ਟ ਸੇਵਾ ਮੰਨੀ ਗਈ ਹੈ:—

'ਪੀਰ ਫਕੀਰ ਨ ਸੇਵਾ ਕਰੀਅਹੁ ॥
ਮਨ ਕੋ ਪ੍ਰੇਮ ਸ਼ਾਹੁ ਮੇਂ ਧਰੀਅਹੁ ॥'
'ਤ੍ਰਿਅਨ ਕੋ ਇਮਾਨ ਇਮ ਅਹੈ॥
ਪਤਿ ਬਿਨ ਅਵਰ ਪੁਰਖ ਨਹਿੰ ਚਹੈ ॥'
(ਗੁਰ ਪ੍ਰਤਾਪ ਸੂਰਯ ਰਾਸ ੫ ਅਧਯਾਯ ੭)

ਸਿਖ ਇਸਤ੍ਰੀਆਂ ਨੂੰ ਭਜਨ ਕਰਨ, ਧਰਮ ਚਰਚਾ ਕਰਨ ਅਤੇ ਪੁੱਤ ਪੁਤ੍ਰੀਆਂ ਨੂੰ ਧਰਮ ਸਿਖੋਣ ਲਈ ਉਪਦੇਸ਼ ਹੈ:—

'ਸਿਖ ਸਿਖਣੀ ਮਿਲ ਬਹੈ ॥
ਚਰਚਾ ਕਰੈਂ ਅਪਾਰ ॥'
'ਭਜਨ ਸਖਾਵੈਂ ਪੁਤ੍ਰ ਕੋ,
ਨਿਜ ਭਜ ਬਾਰੰਬਾਰ ॥'
(ਗੁਰ ਪ੍ਰਤਾਪ ਸੂਰਯ ਰੁਤ ੫ ਅਧਯਾਯ ੭)

ਇਸਤ੍ਰੀਆਂ ਸੰਬੰਧੀ ਸਿੱਖਾਂ ਨੂੰ ਐਸੇ ਉਪਦੇਸ਼ ਹੈ:—

'ਪਰ ਬੇਟੀ ਕੋ ਬੇਟੀ ਜਾਨੇ ॥
ਪਰ ਇਸਤ੍ਰੀ ਕੋ ਮਾਤ ਬਖਾਨੇ ॥'
'ਅਪਨੀ ਇਸਤ੍ਰੀ ਸੋਂ ਰਤ ਹੋਈ ॥
ਰਹਿਤਵਾਨ ਗੁਰ ਕਾ ਸਿੰਘ ਸੋਈ ॥'

(ਰਹਿਤਨਾਮਾ ਭਾਈ ਦੇਸਾ ਸਿੰਘ)

ਕੰਨਿਆਂ ਮਾਰਨਾ ਮਹਾਂ ਪਾਪ ਮੰਨਿਆ ਗਿਆ ਹੈ, ਗੁਰੂ ਸਾਹਿਬ ਜੀ ਨੇ ਇਹ ਭੇੜੀ, ਨਸ਼ਟ ਕਰਨ ਵਾਲੀ ਰਸਮ ਦਾ ਬੜਾ ਹੀ ਨਸ਼ੇਧ ਕੀਤਾ ਹੈ।

'ਗੁਰੂ ਜੀ ਕਹਿਆ ਸੁਣ ਭਾਈ ਬਾਲਾ' ਇਹ ਬੜੀ ਭਾਰੀ ਹੱਤਯਾ ਹੈ। ਕੰਨਿਆਂ ਦਾ ਦਰਬ ਲੈਣਾ ਅਤੇ ਕੰਨਿਆਂ ਮਾਰਨੀ, ਪਰ ਸੰਸਾਰ ਇਸ ਹੱਤਯਾ ਵਿਚ ਲੱਗ ਰਿਹਾ ਹੈ, ਜੋ ਕੁੜੀ ਦਾ ਪਦਾਰਥ ਲੈਕੇ ਖਾਂਦੇ ਹਨ ਤਿਨ੍ਹਾਂ ਦੀ ਸੱਤਿਆ ਨਹੀਂ ਰਹਿੰਦੀ।

(ਜਨਮਸਾਖੀ ਭਾਈ ਬਾਲਾ, ਸਾਖੀ ਕੰਨਿਆਂ ਪਰਥਾਇ)

ਯਾ ਕੁੜੀਮਾਰ ਆਦਿਕ ਹੈ ਜੇਤੇ। ਮਨ ਤੇ ਦੂਰ ਤਿਆਗੋ ਤੇਤੇ ॥"

(ਰਹਿਤਨਾਮਾ ਭਾਈ ਦੇਸਾ ਸਿੰਘ)

ਗੁਰੂ ਕਾ ਸਿਖ ਕੰਨਿਆ ਨ ਮਾਰੇ, ਕੁੜੀਮਾਰ ਨਾਲ ਨ ਵਰਤੇ।

(ਰਹਿਤਨਾਮਾ ਭਾਈ ਚੌਪਾ ਸਿੰਘ)

'ਕੰਨਿਆਂ ਕੋ ਮਾਰੇ, ਮੋਨੇ ਕੋ ਕੰਨਿਆਂ ਦੇਵੇ, ਸੋ ਤਨਖਾਹੀਆ।"

(ਰਹਿਤਨਾਮਾ ਭਾਈ ਦਯਾ ਸਿੰਘ)

ਸਿੱਖ ਧਰਮ ਦੀ ਸਿਖਸ਼ਾ ਅਨੁਸਾਰ ਕੁੜੀਮਾਰ ਨਾਲ ਵਰਤਣਾ, ਉਸ ਨਾਲ ਖਾਣਾ ਪੀਣਾ ਅਤ ਰੋਟੀ ਬੇਟੀ ਦੀ ਸਾਂਝ ਕਰਨਾ ਮਹਾਂ ਪਾਪ ਹੈ। ਐਸਾ ਕਰਨ ਵਾਲਾ ਆਦਮੀ ਸੰਗਤ ਅਤ ਪੰਗਤ ਵਿਚੋਂ ਛੇਕਿਆ ਜਾਂਦਾ ਹੈ ਜਸੇ ਕਨਿਆਂ ਮਾਰਨਾ ਮਹਾਂ ਪਾਪ ਹੈ ਐਸੇ ਹੀ ਕੰਨਿਆਂ ਵੇਚਣਾ, ਉਸਦਾ ਵਿਵਾਹ ਧਨ ਲੈਕੇ ਕਰਨਾ, ਲਾਲਚ ਕਰਕੇ ਉਸਦਾ ਵਿਵਾਹ ਕਿਸੇ ਅਯੋਗ ਪੁਰਸ਼ ਨਾਲ ਕਰ ਦੇਣਾ ਭੀ ਇੱਕ ਭਾਰੀ ਹੱਤਿਆ ਮੰਨੀ ਗਈ ਹੈ। ਗੁਰੂ ਸਾਹਿਬ ਜੀ ਤਨਖਾਹ ਨਾਮੇ ਵਿਚ ਫਰਮਾਂਦੇ ਹਨ।

"ਸਿਖ ਹੋਏ ਜੋ ਕਰੇ ਕਰੋਧ, ਕੰਨਿਆ ਮੂਲ ਨਾ ਦੇਵੇ ਸੋਧ।
ਧੀਆ ਭੈਣਾ ਕਾ ਪੈਸਾ ਖਾਇ, ਗੋਬਿੰਦ ਸਿੰਘ ਧੱਕੇ ਯਮ ਲਾਇ।"
(ਰਹਿਤਨਾਮਾ ਭਾਈ ਚੋਪਾ ਸਿੰਘ)

ਇਸ ਉਤੇ ਗੁਰੂ ਜੀ ਹੋਰ ਫਰਮਾਂਦੇ ਹਨ:-

"ਕੰਨਿਆਂ ਦੇਵੇ ਸਿਖ ਕੋ ਲੇਵੇ ਨਹਿੰ ਕੁਛ ਦਾਮ।
ਸੋਈ ਮੇਰਾ ਸਿਖ ਹੈ ਪਹੁੰਚੇ ਲੇ ਮਮ ਧਾਮ।"
(ਗੁਰ ਪ੍ਰਤਾਪ ਸੂਰਯ ਰੁਤ ਪਅਧ੍ਯਾਯ ੭)

ਕੰਨਿਆਂ ਦਾ ਨਾਤਾ ਕਰਨ ਸੰਬੰਧੀ ਇਉਂ ਲਿਖਿਆ ਹੈ:-

'ਕੰਨਿਆਂ ਕਾ ਜਬ ਵਰ ਪ੍ਰਾਪਤ ਹੋਵੇ ਤਬ ਮਾਤ ਪਿਤਾ ਕੋ ਚਾਹੀਏ ਜੋ ਉਸਦੇ ਸੰਜੋਗ ਕਾ ਉਦਮ ਕਰਨ। ਛੋਟੀ ਬਾਲਕੀ ਦਾ ਸੰਜੋਗ ਕਰਨਾ ਭਲਾ ਅਰ ਯੋਗ ਨਹੀਂ। ਸੰਜੋਗ ਐਸੀ ਕੁਲ ਵਿਖੇ ਕਰੇ ਜਿਥੇ ਸਿੱਖੀ ਅਕਾਲ ਪੁਰਖ ਕੀ ਹੋਵੇ। ਖਾਲਸਾ ਹੈ, ਗ਼ਰੀਬ ਹੈ, ਕਿਰਤੀ ਹੈ, ਤਹਾਂ ਸੰਜੋਗ ਬਿਨਾਂ ਪੁਛੇ ਕਰੇ। ਉਸਕੀ ਸ੍ਰੀ ਗੁਰੂ ਅਕਾਲ ਪੁਰਖ ਨਾਲ ਬਣ ਆਵੇ ਮਾਇਆ ਧਨ ਦੇਖੇ ਨਾਹੀਂ, ਗੁਰੂ ਨਿਰੰਕਾਰੀ ਦੀ ਆਸ ਉਪਰ ਦੇਵੇ ਅਨੰਦ ਕਰੇ ਗੁਰੂ ਭਾਵੇ, ਤਾਂ ਬੇਟੀ ਬਹੁਤ ਸੁਖੀ ਹੋਵੇ ਅਤੇ ਮਾਤਾ ਪਿਤਾ ਨੂੰ ਬਹੁਤ ਖੁਸ਼ੀ ਦੇਇਗੀ । (ਪ੍ਰੇਮ ਸੁਮਾਰਗ)

ਭਾਈ ਦਯਾ ਸਿੰਘ ਜੀ ਆਪਣੇ ਰਹਿਤਨਾਮੇ ਵਿਚ ਇਸ ਪ੍ਰਕਾਰ ਲਿਖਦੇ ਹਨ:-

"ਸਿਖ ਕੋ ਸਿਖ ਕੰਨਿਆ ਦਈ ਸੁਧਾ ਸੁਧ ਮਿਲ ਜਾਯ।
ਦਈ ਭਾਦਣੀ ਕੋ ਸੁਤਾ ਅਹਿ ਮੁਖ ਅਮੀ ਚੁਆਯ।"

ਮਹਾਂ ਕਵੀ, ਮੁਕਟ ਮਨੀ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:—

"ਆਸ ਗੁਰੂ ਕੀ ਮੰਤ੍ਰ ਸਿਖ ਕਾਜ ਸੰਸਾਰੀ ਕੀਨ।
ਬੋਲ ਗਰੀਬੀ ਸਿਖ ਕਰ ਕੰਨਿਆਂ ਦੇ ਮਸਕੀਨ।
ਚਰਨ ਪਾਹੁਲੀ ਖੰਡ ਦੇ ਸਿਖ ਕਾ ਨਾਤਾ ਮਾਨ।
ਜਹਾਂ ਨਾ ਹੋਵੇ ਤਹਾਂ ਕਰ ਹੋਵੇ ਅਪਣੀ ਸਾਨ।"
(ਗੁਰ ਪ੍ਰਤਾਪ ਸੂਰਯ ਰੁਤ ੫ ਅਧ: ੧੫)

ਖਾਲਸਾ ਪੰਥ ਅੰਦਰ ਇਸਤ੍ਰੀਆਂ ਨੂੰ ਸੋਹਾਗਣ ਅਤੇ ਸਚੀਆਂ ਸਿਖਣੀਆਂ ਬਨਣ ਲਈ ਇਸ ਪ੍ਰਕਾਰ ਉਪਦੇਸ਼ ਹੈ ਅਤੇ ਇਸਤ੍ਰੀਆਂ ਨੂੰ ਗੁਰੂ ਸਾਹਿਬ ਗੁਰਮੁਖ ਪਦ ਨਾਲ ਯਾਦ ਕਰਕੇ ਇਉਂ ਸ਼ਲਾਘਾ ਕਰਦੇ ਹਨ:—

"ਗੁਰਮੁਖ ਸਦਾ ਸੋਹਾਗਣੀ ਪਿਰ ਰਖਿਆ ਉਰਧਾਰ।
ਮਿਠਾ ਬੋਲਹਿ ਨਿਵ ਚਲਹਿ ਸੇਜੈ ਰਵੈ ਭਤਾਰ।"

(ਸ੍ਰੀ ਰਾਗ ਮਹਲਾ ੧)

ਅਤੇ—"ਪਾਵ ਮਲੋਵਉ ਸੰਗ ਨੈਨ ਭਤੀ ਰੀ।
ਜਹਾ ਪਠਾਵਉ ਜਾਉ ਤਤੀ ਰੀ।
ਮਾਣ ਤਾਣ ਅਹੰਬੁਧ ਹਤੀ ਰੀ।
ਸਾ ਨਾਨਕ ਸੋਹਾਗਵਤੀ ਰੀ।"

(ਸੂਹੀ ਮਹਲਾ ੫)

"ਨਾਨਕ ਸੋਹਾਗਣ ਕਾ ਕਿਆ ਚਿਹਨ ਹੈ।
ਅੰਤਰ ਸਚ ਮੁਖ ਉਜਲੀ ਖਸਮੇ ਮਾਹਿ ਸਮਾਇ"

(ਵਾਰ ਸੂਹੀ ਮਹਲਾ ੩)

ਅਤੇ ਹੋਰ ਕਿਆ ਉਚਾ ਉਪਦੇਸ਼ ਹੈ।
"ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ।
ਧੂੜੀ ਵਿਚ ਲੁੜੰਦੜੀ ਸੋਹਾ ਨਾਨਕ ਤੇ ਸਹਿ ਨਾਲੇ।"

(ਮਹਲਾ ੫ ਸਲੋਕ ਵਾਰਾਂ ਤੋਂ ਵਧੀਕ)

ਗ੍ਰਿਹਸਤ ਆਸ਼੍ਰਮ ਨੂੰ ਨਿਭਾਹੁਣ ਲਈ ਇਸ ਪਰਕਾਰ ਉਪਦੇਸ਼ ਕਰਦੇ ਹਨ:—

"ਬਤੀਹ ਸੁਲਖਣੀ ਸਚ ਸੰਤਤਿ ਪੂਤ।
ਆਗਿਆਕਾਰੀ ਸੁਘੜ ਸਰੂਪ।
ਇਛ ਪੂਰੇ ਮਨ ਕੰਤ ਸੁਆਮੀ।
ਸਗਲ ਸੰਤੋਖੀ ਦੇਰ ਜਠਾਨੀ।
ਸਭ ਪਰਵਾਰੈ ਮਾਹਿ ਸ੍ਰੇਸ਼ਟ।
ਮਤੀ ਦੇਵੀ ਦੇਵਰ ਜੇਸਟ।
ਧੰਨ ਸੁ ਗ੍ਰਿਹਿ ਜਿਤੁ ਪ੍ਰਗਟੀ ਆਇ।"

"ਜਨ ਨਾਨਕ ਸੁਖੇ ਸੁਖਿ ਵਿਹਾਇ॥"

(ਆਸਾ ਮਹਲਾ ੫)

ਹਿੰਦੂਆਂ ਅੰਦਰ ਸਤੀ ਹੋਵਣ ਦੀ ਬੜੀ ਭੈੜੀ ਰਸਮ ਸੀ। ਇਹ ਬੁਰੀ ਰਸਮ ਅੰਗਰੇਜ਼ਾਂ ਦੇ ਰਾਜ ਸਮੇਂ ਸੰਨ ੧੮੩੨ ਅੰਦਰ ਲਾਰਡ ਵਿਲੀਅਮ ਬੈਂਟਿਕ ਦੀਆਂ ਕੋਸ਼ਸ਼ਾਂ ਨਾਲ ਬੰਦ ਹੋਈ। ਗੁਰੂ ਸਾਹਿਬ ਜੀ ਐਸੀ ਸਤੀ ਹੋਣ ਵਾਲੀ ਮੂਰਖ ਇਸਤ੍ਰੀ ਨੂੰ ਇਉਂ ਉਪਦੇਸ਼ ਕਰਦੇ ਹਨ:-

"ਕਲਿਜੁਗ ਮਹਿ ਮਿਲਿ ਆਏ ਸੰਜੋਗ।
ਜਿਚਰੁ ਆਗਿਆ ਤਿਚਰੁ ਭੋਗਹਿ ਭੋਗ।
ਜਲੇ ਨ ਪਾਈਐ ਰਾਮ ਸਨੇਹੀ।
ਕਿਰਤ ਸੰਜੋਗ ਸਤੀ ਉਠ ਹੋਈ।
ਦੇਖਾ ਦੇਖੀ ਮਨ ਹਠ ਜਲ ਜਾਈਐ।
ਪ੍ਰਿਅ ਸੰਗ ਨ ਪਾਵੈ ਬਹੁ ਜੋਨ ਭਵਾਈਐ।
ਸੀਲ ਸੰਜਮ ਪ੍ਰਿਅ ਆਗਿਆ ਮਾਨੈ।
ਤਿਸ ਨਾਰੀ ਕੋ ਦੁਖ ਨ ਜਮਾਨੈ।
ਕਹੁ ਨਾਨਕ ਜਿਨ ਪ੍ਰਿਉ
ਪਰਮੇਸਰ ਕਰਿ ਜਾਨਿਆ।
ਧੰਨ ਸਤੀ ਦਰਗਹ ਪਰਵਾਨਿਆ"

(ਗਉੜੀ ਗੁਆਰੇਰੀ ਮਃ ੫ (੪੦, ੩੦, ੯੯)

ਗੁਰੂ ਘਰ ਦੇ ਅੰਦਰ ਪਰਦੇ ਦੀ ਸਖਤ ਵਿਰੋਧਤਾ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਇਹ ਉਪਦੇਸ਼ ਹੈ:-

"ਰਹੁ ਰਹੁ ਰੀ ਬਹੁਰੀਆ ਘੂੰਘਟ ਜਿਨ ਕਾਢੈ।
ਅੰਤ ਕੀ ਬਾਰ ਲਹੈਗੀ ਨ ਆਢੈ।
ਘੂੰਘਟ ਕਾਢ ਗਈ ਤੇਰੀ ਆਗੀ।
ਉਨ ਕੀ ਗੈਲ ਤੋਹਿ ਜਿਨ ਲਾਗੀ।
ਘੂੰਘਟ ਕਾਢੇ ਕੀ ਇਹ ਬਡਿਆਈ।
ਦਿਨ ਦਸ ਪੰਚ ਬਹੂ ਭਲੇ ਆਈ।

ਘੂੰਘਟ ਤੇਰੋ ਤੋ ਪਰ ਸਾਚੇ ।
ਹਰਿ ਗੁਣ ਗਾਇ ਕੂਦਹਿ ਅਰ ਨਾਚੋ।
ਕਹਿਤ ਕਬੀਰ ਬਹੁ ਤਬ ਜੀਤੇ ।
ਹਰਿ ਗੁਣ ਗਾਵਤ ਜਨਮ ਬਤੀਤੇ ।"

ਪਰਦੇ ਸੰਬੰਧੀ ਹਰੀਪੁਰ ਵਾਲੀ ਰਾਣੀ ਦਾ ਪ੍ਰਸੰਗ ਸਭ ਹੀ ਜਾਣਦੇ ਹਨ:-

ਇਸਤੋਂ ਅੱਗੇ ਇਸਤ੍ਰੀਆਂ ਲਈ ਅੰਮ੍ਰਿਤ ਛਕਣ ਦਾ ਸਵਾਲ ਹੈ। ਖਾਲਸਾ ਪੰਥ ਅੰਦਰ ਖੰਡੇ ਦਾ ਅੰਮ੍ਰਿਤ ਛਕਣ ਦੀ ਮਰਯਾਦਾ ਸੰਮਤ ੧੭੫੬ ਬਿਕ੍ਰਮੀ ਤੋਂ ਅਰੰਭ ਹੋਈ ਮਰਯਾਦਾ ਪਰਸ਼ੋਤਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਮੇਂ ਹੀ ਸਤਜ ਸਰੂਪ ਗੁਰਬਾਣੀ ਅਥਵਾ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਨੂੰ ਸਦੀਵੀ ਕਾਲ ਰਹਤ ਅਤੇ ਸਤਿਗੁਰੂ ਅਸਥਾਪਨ ਕੀਤਾ। ਆਪ ਨੇ ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾਕੇ ਸਿੰਘ ਸਜਾਯਾ ਅਤੇ ਅਭੇਦ ਕੀਤਾ। ਮਰਯਾਦਾ ਬੰਧੂ ਜੀ ਨੇ ਖੁਦ ਆਪ ਇਹਨਾਂ ਪੰਜਾਂ ਪਿਆਰਿਆਂ (ਖਾਲਸ ਪੰਥ ਰੂਪ) ਦੇ ਹਥੋਂ ਅੰਮ੍ਰਿਤ ਛਕਿਆ ਅਤੇ ਸਿੰਘ ਸਜੇ ਅਤੇ ਇਹ ਦਸਿਆ ਕਿ ਗੁਰੂ ਸਾਹਿਬ ਜੀ ਦੀ ਸਰੀਰਕ ਹਸਤੀ ਗੁਰੂ ਬਾਣੀ ਨਾਲੋਂ ਕਿਤੋਂ ਘਟ ਹੈ। ਗੁਰੂ ਬਾਣੀ ਇਕ ਮਹਾਂ ਪਵਿੱਤ੍ਰ ਸਤਜ, ਕਾਲ ਰਹਿਤ ਅਤੇ ਮਹਾਂ ਉਚ ਵਸਤੂ ਹੈ। ਗੁਰੂ ਸਾਹਿਬ ਜੀ ਖੁਦ ਗੁਰੂਬਾਣੀ ਨੂੰ ਸੁਣਦੇ, ਮੰਨਦੇ ਅਤੇ ਇਸਦੇ ਭੈ ਵਿਚ ਰਹਿੰਦੇ ਸਨ। ਉਨ੍ਹਾਂ ਨੇ ਆਪਣੇ ਅਮਲੀ ਜੀਵਨ ਦਵਾਰਾ ਪ੍ਰਗਟ ਕੀਤਾ ਕਿ ਉਹ ਆਪਣੀ ਸਰੀਰਕ ਅਵੱਸਥਾ ਵਿੱਚ ਭੀ ਆਪਣੇ ਖਾਲਸਾ ਪੰਥ ਦੇ ਦਾਸ ਹਨ ਅਤੇ ਆਪਣੇ ਸਾਜੇ ਹੋਏ ਪੰਥ ਅਥਵਾ ਸਨਸਥਾ ਯਾ ਇਨਸਟੀਟਯੂਸ਼ਨ ਦੇ ਅਧੀਨ ਸਨ ਅਤੇ ਬਾਰ ਬਾਰ ਕਿਹਾ:-

"ਇਨਹੀ ਕੀ ਕ੍ਰਿਪਾ ਤੇ ਸਜੇ ਹਮ ਹੈਂ ਨਹੀਂ ਮੋ ਸੋ ਗ੍ਰੀਬ ਕਰੋਰਪਰੇ"

ਖਾਲਸਾ ਪੰਥ ਦੀ ਵਸ਼ੇਸ਼ਤਾ ਭੀ ਇਸ ਵਿਚ ਹੀ ਹੈ ਕਿ ਉਨ੍ਹਾਂ ਦੇ ਗੁਰੂ ਖੁਦਾ ਦੀ ਬਣਾਈ ਹੋਈ ਖਲਕਤ ਦੇ ਸਚੇ ਸੇਵਕ ਸਨ। ਪੁਰਾਤਨ ਸਮਿਆਂ ਅੰਦਰ ਇਸਤ੍ਰੀਆਂ ਨੂੰ ਭੀ ਪੁਰਸ਼ਾਂ ਦੇ ਨਾਲ ਹੀ

ਖੰਡੇ ਦਾ ਅੰਮ੍ਰਿਤ ਛਕਾਇਆ ਜਾਂਦਾ ਸੀ, ਇਹ ਪੁਰਾਤਨ ਅਤੇ ਇਤਿਹਾਸਕ ਮਰਯਾਦਾ ਹੁਣ ਤਕ ਹਜ਼ੂਰ ਸਾਹਿਬ ਵਿਖੇ ਇਕ ਨਿਕੀ ਜਹੀ ਸ਼ਕਲ ਵਿਚ ਕਾਇਮ ਰਹਿ ਗਈ ਹੈ ਉਹ ਇਹ ਹੈ ਜੋ ਸਿੰਘਣੀ ਤਿਆਰ-ਬਰ ਤਿਆਰ ਰਹਿਣਾ ਚਾਹੇ ਅਤੇ ਕਕਾਰਾਂ ਦੀ ਧਾਰਣਾ ਰੱਖਣਾ ਚਾਹੇ, ਉਸਨੂੰ ਪੰਜ ਸਿੰਘ ਖੰਡੇ ਦਾ ਅੰਮ੍ਰਿਤ ਛਕੌਂਦੇ ਹਨ, ਅਤੇ ਦੂਸਰੀਆਂ ਨੂੰ ਇਕ ਸਿੰਘ ਹੀ ਕ੍ਰਿਪਾਨ ਦਾ ਅੰਮ੍ਰਿਤ ਛਕਾ ਦਿੰਦਾ ਹੈ।

ਸਿਖ ਤਾਰੀਖ ਦਸਦੀ ਹੈ, ਕਿ ਖਾਲਸਾ ਇਸਤ੍ਰੀ ਜਾਤੀ ਅੰਦਰ ਸਭ ਤੋਂ ਪਹਿਲਾਂ ਮਾਈ ਭਾਗ ਕੌਰ ਪ੍ਰਚਲਤ ਮਾਈ ਭਾਗੋਨੇ ਅੰਮ੍ਰਿਤ ਛਕਿਆ। ਮੁਕਤਸਰ ਸਾਹਿਬ ਜੀ ਦੇ ਜੰਗ ਦੇ ਪਿਛੋਂ ਇਹ ਮਾਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਹੀ ਦਖਣ ਦੇਸ਼ ਨੂੰ ਚਲੀ ਗਈ ਅਤੇ ਹਜ਼ੂਰ ਸਾਹਿਬ ਹੀ ਗੁਰਪੁਰ ਨੂੰ ਪਧਾਰੀ।

ਪਰਮ ਪੂਜਨੀਯ ਬੀਬੀ ਸਾਹਿਬ ਕੌਰ ਜੀ ਪਟਿਆਲੇ ਵਾਲੀ ਨੇ ਸਰਦਾਰ ਜਸਾ ਸਿੰਘ ਜੀ ਆਹਲੂਵਾਲੀਏ ਪੰਥ ਖਾਲਸੇ ਦੇ ਬਾਦਸ਼ਾਹ ਪਾਸੋਂ ਅੰਮ੍ਰਿਤ ਛਕਿਆ ਸੀ, ਓਹਨੀਂ ਦਿਨੀਂ ਕੇਵਲ ਜਥੇਦਾਰ ਹੀ ਅੰਮ੍ਰਿਤ ਛਕਾਇਆ ਕਰਦੇਸਨ, ਮਿਸਲਾਂਦੇਸਮਿਆਂ ਅੰਦਰ ਇਸਤ੍ਰੀਆਂਨੂੰ ਕਿਤੇ ਕਿਤੇ ਅੰਮ੍ਰਿਤ ਛਕਾਇਆ ਜਾਂਦਾ ਸੀਅਤੇਅਨੇਕਾਂ ਮੁਸਲਮਾਨੀਆਂ ਨੂੰ ਸ਼ੁਧ ਕਰਕੇ ਸਿਖਣੀਆਂ ਬਣਾਇਆ ਗਿਆ; ਉੱਨਵੀਂ ਸਦੀ ਦੇ ਪਹਿਲੇ ਵੀਹ ਸਾਲ ਪੰਜਾਬ ਵਿਚ ਰਾਜ ਰੌਲਾ ਹੀ ਪਿਆ ਰਿਹਾ, ਮਹਾਰਾਜਾ ਰਣਜੀਤ ਸਿੰਘ ਨੇ ਮਿਸਲਾਂਅਤੇਮੁਸਲਮਾਨ ਸੂਬਿਆਂ ਨੂੰ ਜਿਤਕੇ ਆਪਣੀ ਸਲਤਨਤ ਕਾਇਮ ਕਰ ਲਈ, ਇਨਾਂ ਸਮਿਆਂ ਵਿਚ ਸਿਖ ਆਪਣੇ ਧਾਰਮਕ ਜੀਵਨਾਂ ਨੂੰ ਛਡ ਬੈਠੇ ਅਤੇ ਰਾਜਸੀ ਚਾਲ ਵਿਚ ਰਹਿਣ ਲਗੇ।ਹਿੰਦੂਆਗੂਆਂਦਾ ਜ਼ੋਰ ਹੋ ਗਿਆ ਅਤੇ ਸਿਖ ਲੋਕ ਬ੍ਰਾਹਮਣਾਂ, ਭਲਿਆਂ, ਸੋਢੀਆਂ, ਬੇਦੀਆਂ ਆਪੇ ਬਣੇ ਗੁਰੂਆਂ ਦੇ ਰਾਹੇ ਰੜ੍ਹ ਗਏ, ਕੁਰੀਤੀਆਂ ਫੈਲ ਗਈਆਂ ਅਤੇ ਇਸਤ੍ਰੀਆਂ ਦੀ ਬਹੁਤ ਹੀ ਬੁਰੀ ਹਾਲਤ ਹੋਈ। ਮਹਾਰਾਜਾ ਰਣਜੀਤ ਸਿੰਘ ਜੀ ਦੇ ਮਰ ਜਾਣ ਪਿਛੋਂ ਤਾਂ ਸਮਝੋ ਕਿ ਸਿਖੀ ਧਰਮ ਅਲੋਪ ਹੀ ਹੋ ਗਿਆ। ੧੯੫੦ ਤੋਂ ਪਿਛੋਂ ਦੀਵਾਨ ਲਗਾਏ

ਭੀ ਮਰਯਾਦਾ, ਸੰਗਤ ਵਿਚ ਬੈਠਣਾ, ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਆਦਿ ਲੋਕੀ ਸਭ ਕੁਝ ਹੀ ਭੁਲ ਗਏ। ਇਕ ਕਰੋੜ ਦੀ ਸੰਖਯਾ ਸਿਖ ਕੇਵਲ ਸੰਨ ੧੯੬੦ ਈਸਵੀ ਦੇ ਕਰੀਬ ੧੦ ਲਖ ਹੀ ਰਹਿ ਗਏ। ਅਨੰਦ-ਪੁਰੀਏ, ਭਲੇ, ਸੋਢੀ, ਬੇਦੀ ਹੀ ਗੁਰੂ ਬਣ ਬੈਠੇ ਅਤੇ ਲਗੇ ਸਿਖਾਂ ਨੂੰ ਬਘਿਆੜਾਂ ਵਾਂਗਰ ਖਾਣ। ਇਸ ਅਨ੍ਹੇਰ-ਰਾਜ ਵਿਚ ਇਸਤ੍ਰੀਆਂ ਵਿਚਾਰੀਆਂ ਦਾ ਕੌਣ ਰਾਖਾ। ੧੯੬੩ ਈ: ਦੇ ਲਗਭਗ ਮੁੜ ਫੇਰ ਬਾਬਾ ਰਾਮ ਸਿੰਘ ਜੀ ਮਹਾਰਾਜ ਨੇ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਕਰਕੇ ਸੰਗਤ ਵਿਚ ਬੈਠਣ ਅਤੇ ਦੀਵਾਨ ਸਜਾਣ ਦੀ ਮਰਯਾਦਾ ਚਲਾਈ ਅਤੇ ਇਸਤ੍ਰੀਆਂ ਨੂੰ ਭੀ ਅੰਮ੍ਰਿਤ ਛਕਾਨਾ ਸ਼ੁਰੂ ਕੀਤਾ, ਸਿਖਾਂ ਅੰਦਰ ਉਸ ਸਮੇਂ ਹਿੰਦੂ ਰੀਤਾਂ ਅਤੇ ਨਿਕੰਮੇ ਰਵਾਜ ਬਹੁਤ ਜ਼ਿਆਦਾ ਘਰ ਕਰ ਚੁਕੇ ਸਨ, ਸੋ ਬਾਬਾ ਰਾਮ ਸਿੰਘ ਜੀ ਦੇ ਅੰਤ ਕੋਸ਼ਸ਼ ਕਰਨ ਤੋਂ ਉਪਰੰਤ ਭੀ ਕੁਰੀਤੀਆਂ ਨਾ ਉਠਾ ਸਕੇ।

੧੫-੨੦ ਵੀਹ ਸਾਲ ਪਿਛੋਂ ਸਿਖਾਂ ਅੰਦਰ ਫੇਰ ਇਕ ਜਾਗ੍ਰਤੀ ਆਈ ਅਤੇ ੧੯੯੦ ਦੇ ਨੇੜ ਤੇੜ ਸਿੰਘਸਭਾ ਲਹਿਰ ਜਾਰੀ ਹੋਈ। ਇਸ ਲਹਿਰ ਨੇ ਸਿਖ ਇਸਤ੍ਰੀਆਂ ਲਈ ਬੜਾ ਭਾਰਾ ਕੰਮ ਕੀਤਾ। ਖਾਲਸਾ ਇਸਤ੍ਰੀ ਜਗਤ ਦੇ ਤਾਰਕ, ਪੂਰਨ ਪ੍ਰੇਮ ਅਤੇ ਸ਼ਰਧਾ ਦੀ ਜੀਉਂਦੀ ਜਾਗਦੀ ਜੋਤ, ਖਾਲਸਾ ਪੰਥ ਦੇ ਅਰਦਾਸੀਏ, ਤਿਆਗ ਮੂਰਤੀ ਭਾਈ ਤਖਤ ਸਿੰਘ ਜੀ ਮੇਨੇਜਰ ਸਿਖ ਕੰਨਿਆਂ ਮਹਾਂ ਵਿਦਯਾਲਯ ਫੀਰੋਜ਼ਪੁਰ ਭੀ ਇਸੇ ਸਿੰਘ ਸਭਾ ਲਹਿਰ ਦੇ ਪੁਤਰ ਹਨ ਆਪਣੇ ਵਿਦਯਾ ਗੁਰੂ ਪ੍ਰੋਫੈਸਰ ਗੁਰਮੁਖ ਸਿੰਘ ਜੀ ਦੇ ਪੂਰਨ ਸਿਖ ਹਨ। ਇਸ ਲਹਿਰ ਨੇ ਇਸਤ੍ਰੀਆਂ ਵਿਚ ਜਾਗ੍ਰਤ ਪੈਦਾ ਕੀਤੀ। ਜਿਥੋਂ ਤਕ ਮੈਨੂੰ ਬਿਰਧਾਂ ਦੀ ਜ਼ਬਾਨੀ ਪਤਾ ਲੱਗਾ ਹੈ, ਸਭ ਤੋਂ ਪਹਿਲਾਂ ਇਸ ਲਹਿਰ ਅੰਦਰ ਇਕ ਡੋਗਰੀ ਨੂੰ ਸ਼ੁਧ ਕਰਕੇ ਲਾਹੌਰ ਅੰਦਰ ਅੰਮ੍ਰਿਤ ਛਕਾਇਆ ਗਿਆ। ਇਹ ਡੋਗਰੀ ਹੁਸਨ ਅਤੇ ਖੂਬਸੂਰਤੀ ਦੀ ਪੁਤਲੀ ਸੀ। ਭਰੇ ਦੀਵਾਨ ਵਿਚ ਹੀ ਮੈਡੀਕਲ ਕਾਲਜ ਯਾ ਵੈਟਰਨਰੀ ਕਾਲਜ ਦੇ ਇਕ ਨਿਹਾਇਤ ਖੂਬਸੂਰਤ ਸ਼ਕੀਲ ਸਿੱਖ ਵਿਦਿਆਰਥੀ

ਦੀ ਇਸ ਨਾਲ ਅਨੰਦ ਕਾਰਜ ਹੋਇਆ ਅਤੇ ਸਾਰੇ ਵਡੇ ਵਡੇ ਸਿਖਾਂ ਪ੍ਰੋਫੈਸਰ ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਜਵਾਹਰ ਸਿੰਘ, ਡਾਕਟਰ ਜੇ ਸਿੰਘ, ਜਿੰਦਾ ਸ਼ਹੀਦ ਭਾਈ ਤਖਤ ਸਿੰਘ, ਸਰਦਾਰ ਸਰੂਪ ਸਿੰਘ ਮਲਵਈ, ਸਰਦਾਰ ਰਾਜਾ ਦਿਆਲ ਸਿੰਘ ਜੀ ਮਜੀਠਾ ਨੇ ਝੰਡੇ ਡੋਗਰੀ ਦੇ ਹਥੋਂ ਪ੍ਰਸ਼ਾਦ ਛਕਿਆ। ਗੁਰਦੁਆਰੇ ਤੋਂ ਬਾਹਰ ਮੁਸਲਮਾਨਾਂ ਨੇ ਰੌਲਾ ਪੌਣਾ ਸ਼ੁਰੂ ਕੀਤਾ ਅਤੇ ਬਹੁਤ ਸਾਰੇ ਇਕੱਠੇ ਹੋਕੇ ਬਲਵਾ ਕਰਨ ਦੀ ਨੀਅਤ ਨਾਲ ਆਏ। ਇਸ ਮੌਕੇ ਰਾਜਾ ਦਿਆਲ ਸਿੰਘ ਜੀ ਖੁਦ ਨੰਗੀ ਤਲਵਾਰ ਹੱਥ ਵਿਚ ਫੜਕੇ ਗੁਰਦਵਾਰੇ ਦੇ ਬੂਹੇ ਤੇ ਆ ਖੜੇ ਹੋਏ ਅਤੇ ਗਰਜ ਕੇ ਕਹਿਣ ਲਗੇ:—

"ਜਾਣਦੇ ਨਹੀਂ, ਮੈਂ ਕੌਣ ਹਾਂ, ਮੈਂ ਦਿਆਲ ਸਿੰਘ ਮਜੀਠੀਆਂ ਹਾਂ ਅਤੇ ਸਿੰਘ ਹਾਂ ਜੇ ਹੌਸਲਾ ਹੈ ਤਾਂ ਅਗੇ ਵਧੋ ਅਤੇ ਫੇਰ ਮੇਰੀ ਤਲਵਾਰ ਦੀ ਧਾਰ ਦੇਖੋ।" ਇਹ ਗਰਜ ਸੁਣਕੇ ਸਭ ਡਰਕੇ ਭੱਜ ਗਏ ਅਤੇ ਸ਼ਾਂਤੀ ਪੂਰਬਕ ਕੰਮ ਨਜਿੱਠਿਆ ਗਿਆ। ਇਹ ਸਿਰਫ ਇਕ ਮਿਸਾਲ ਹੈ, ਪਰ ਆਮ ਕਰਕੇ ਇਸਤ੍ਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕੌਣ ਦੀ ਰੀਤ ਪ੍ਰਚੱਲਤ ਨ ਹੋ ਸਕੀ ਕਿਉਂਕਿ ਸਿਖ ਅਜੇ ਤਕ ਹਿੰਦੂ ਪੁਣੇ ਵਿਚ ਘੁਸੜੇ ਹੋਏ ਸਨ।

ਸੰਮਤ ੧੯੫੦ ਬਿਕ੍ਰਮੀ ਤਕ ਸਿਖਾਂ ਦੇ ਸਾਰਿਆਂ ਇਲਾਕਿਆਂ ਅੰਦਰ ਸਿੰਘ ਸਭਾ ਲਾਹੌਰ ਦੇ ਹੁੰਦਿਆਂ ਹੋਇਆਂ ਭੀ ਇਸਤ੍ਰੀਆਂ ਨੂੰ ਮਰਦਾਂ ਦੇ ਨਾਲ ਇਕੋ ਬਾਟੇ ਵਿਚ ਅੰਮ੍ਰਿਤ ਛਕਾਇਆ ਜਾਂਦਾ ਸੀ। ਧਰਮ ਤੋਂ ਅਗਿਆਤ ਨਿਸ਼ਚੇਹੀਨ, ਸਵੈਕਾਮੀ ਪੁਰਸ਼ ਇਹੀ ਕਥਿਆ ਕਰਦੇ ਸਨ ਕਿ ਦੇਖੋ ਜੀ "ਤ੍ਰਿਆ ਚਰਿੱਤ੍ਰ ਆਦ ਅੰਦਰ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਕਿਤਨੀਆਂ ਬੁਰੀਆਂ ਲਿਖੀਆ ਹੈ" ਇਨ੍ਹਾਂ ਮੂਰਖਾਂ ਨੂੰ ਇਹ ਭੀ ਪਤਾ ਨਹੀਂ ਸੀ ਕਿ ਉਕਤ ਚਰਿੱਤ੍ਰ, ਗੁਰੂ ਰਚਿਤ ਨਹੀਂ।

ਸੰਮਤ ੧੯੫੦ ਯਾ ੧੮੯੩ ਸੰਨ ਈਸਵੀ ਅੰਦਰ ਇਸਤ੍ਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕੌਣ ਦਾ ਸਵਾਲ ਛਿੜ ਪਿਆ, ਖੂਬੀਆਂ ਬੜੀਆਂ ਬਹਿਸਾਂ ਹੋਈਆਂ। ਬਹੁਤ ਸਾਰੇ ਆਦਮੀ

ਇਸਤ੍ਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਣ ਦੇ ਵਿਰੁਧ ਸਨ। ਬੜੀ ਭਾਰੀ ਐਜੀਟੇਸ਼ਨ ਹੋਈ ਅਤੇ ਸੰਮਤ ੧੯੫੨ ਅੰਦਰ ਇਹ ਸਵਾਲ ਇਕ ਪੰਥਕ ਸਵਾਲ ਬਣ ਗਿਆ। ਅੰਮ੍ਰਿਤ ਛਕਾਣ ਦੇ ਹਾਮੀਆਂ ਨੇ ਗੁਰਪ੍ਰਮਾਣ ਦਿਤੇ, ਇਤਹਾਸਕ ਗਵਾਹੀਆਂ ਦਿਤੀਆਂ ਪਰ ਵਿਰੋਧੀ ਪੁਰਸ਼ ਮੰਨਣ ਕੋਈ ਨਹੀਂ। ਅਖੀਰ ਪੰਜ ਆਦਮੀਆਂ ਦੀ ਕਮੇਟੀ ਬਣਾਈ ਗਈ, ਜੋ ਇਸ ਗਲ ਦੀ ਖੋਜ ਅਤੇ ਪੜਚੋਲ ਕਰਕੇ ਇਸ ਉਤੇ ਚਾਨਣਾ ਪਾਵੇ, ਇਸ ਕਮੇਟੀ ਵਿਚ ਇਹ ਆਦਮੀ ਸ਼ਾਮਲ ਸਨ:—

(੧) ਪੰਥ ਦੇ ਵੇਦ ਵਿਆਸ ਗੁਰਮੁਖ ਪਿਆਰੇ ਸਰਦਾਰ ਕਾਹਨ ਸਿੰਘ ਜੀ ਨਾਭਾ ਜਿਨਾਂ ਦੀ ਲੇਖਣੀ ਨੇ ਖਾਲਸਾ ਪੰਥ ਨੂੰ ਅਸਲੀ ਰੂਪ ਵਿਚ ਲਿਆਂਦਾ ਹੈ ਅਤੇ ਜਿਨਾਂ ਨੂੰ ਖਾਲਸਾ ਪੰਥ ਦਾ ਕੰਨਫਿਊਸ਼ਸ਼ ਕਿਹਾ ਜਾ ਸਕਦਾ ਹੈ।

(੨) ਭਾਈ ਦਿਤ ਸਿੰਘ ਜੀ ਗੁਰਪੁਰ ਨਿਵਾਸੀ ਮੋਢੀ, ਸਿੰਘ ਸਭਾ ਲਹਿਰ।

(੩) ਮਸ਼ਹੂਰ ਉਪਦੇਸ਼ਕ ਗਿਆਨੀ ਠਾਕਰ ਸਿੰਘ ਜੀ ਅੰਮ੍ਰਿਤਸਰ ਕਰਤਾ ਸ਼ਹੀਦ ਬਿਲਾਸ।

(੪) ਗਿਆਨੀ ਭਗਵਾਨ ਸਿੰਘ ਜੀ ਪਟਿਆਲਾ ਪ੍ਰੋਫਸਰ ਮਹਿੰਦਰਾ ਕਾਲਜ ਪਟਿਆਲਾ।

(੫) ਬਾਬੂ ਤੇਜਾ ਸਿੰਘ ਜੀ ਭਸੌੜ ਨੇ ਇਸ ਵਿਦਵਤਾ ਭਰੀ ਰਿਪੋਰਟ ਵਿਚ 'ਰੋਜ਼ ਨਾਮਚੇ ਸੋਢੀਆਂ' ਦਾ ਜ਼ਿਕਰ ਹੈ, ਇਹ ਰੋਜ਼ਨਾਮਚੇ ਅਨੰਦਪੁਰ ਜੀ ਵਿਖੇ ਹਨ ਅਤੇ ਬਾਬਾ ਰਾਮ ਨਰਾਇਣ ਸਿੰਘ ਜੀ ਦੀ ਔਲਾਦ ਦੇ ਕਬਜ਼ੇ ਵਿਚ ਹਨ, ਇਨਾਂ ਰੋਜ਼ਨਾਮਚਿਆਂ ਅੰਦਰ ਸਾਫ ਤੌਰ ਤੇ ਲਿਖਿਆ ਹੋਇਆ ਹੈ ਕਿ ਇਸਤ੍ਰੀਆਂ ਨੂੰ ਭੀ ਪੁਰਸ਼ਾਂ ਦੇ ਨਾਲ ਹੀ ਖੰਡੇ ਦਾ ਅੰਮ੍ਰਿਤ ਛਕਾਇਆ ਜਾਂਦਾ ਸੀ, ਇਹ ਰੀਪਰਟ ਸਿੰਘ ਸਭਾ ਫਿਰੋਜ਼ਪੁਰ ਵਿੱਚ ਸਾਲਾਨਾ ਦੀਵਾਨ ੧੮੯੫ ਈਸਵੀ ਤੇ ਪਾਸ ਹੋਈ ਅਤੇ ਸਭ ਤੋਂ ਪਹਿਲਾਂ ਫ਼ੀਰੋਜ਼ਪੁਰ ਵਿਖੇ ਹੀ ਤ੍ਰ ਜਿਸਨੂੰ ਮੈਂ ਖਾਲਸਾ ਇਸਤ੍ਰੀਆਂ ਦਾ ਕਾਬਾ ਯਾ ਕਾਂਸ਼ੀ ਯਾ ਕਾਬਾ ਕਹਾਂਗਾ, ਇਸਤ੍ਰੀਆਂ ਨੂੰ ਖੰਡੇ ਦਾ ਅੰਮ੍ਰਿਤ

ਛਕਾਇਆ ਗਿਆ।

ਅਕਾਲੀ ਲਹਿਰ ਦੇ ਸਮੇਂ ਇਸਤ੍ਰੀਆਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਸੀ, ਪਰ ਰਵਾਜ ਮੁਜਬ ਉਹ ਪੰਜ ਪਿਆਰਿਆਂ ਵਿਚ ਦਾਖਲ ਹੋਈਆਂ ਦੇਖੀਆਂ ਯਾ ਸੁਣੀਆਂ ਨਹੀਂ। ਧਾਰਮਕ ਕਾਨੂਨ ਅਨੁਸਾਰ ਪੰਜ ਪਿਆਰੇ ਚਾਹੇ ਉਹ ਸਾਰੇ ਦੇ ਸਾਰੇ ਮਰਦ ਹੋਵਣ ਯਾ ਇਸਤ੍ਰੀਆਂ ਯਾ ਦੋਨੋਹਰਪ੍ਰਾਣੀ(ਮਰਦ ਅਤੇ ਇਸਤ੍ਰੀਆਂ) ਨੂੰ ਅੰਮ੍ਰਿਤਛਕਾ ਸਕਦੇ ਹਨ, ਪਰ ਰਵਾਜ ਇਸ ਤੋਂ ਉਲਟ ਹੈ। ਮੈਂ ਤਾਂ ਕਦੇ ਅਜ ਤਕ ਭਰੇ ਦੀਵਾਨ ਅੰਦਰ ਕੋਈ ਇਸਤ੍ਰੀ ਰਾਗੀ ਯਾ ਸੇਵਾਦਾਰ ਦਾ ਕੰਮ ਸੇਵਾ ਭੀ ਕਰਦੀ ਨਹੀਂ ਦੇਖੀ ਅਤੇ ਨਾ ਹੀ ਕਿਸੇ ਸੁਸਾਇਟੀ ਧਾਰਮਕ ਜਥੇ ਯਾ ਇਵਦਜਕ ਜਥੇ ਦੀ ਸਭਾ-ਸਦ ਸੇਵਕ ਯਾ ਮੈਂਬਰ ਕੋਈ ਸਿਖ ਇਸਤ੍ਰੀ ਹੈ। ਇਸਦੇ ਕਾਰਨ ਦੋ ਹੀ ਹੋ ਸਕਦੇ ਹਨ ਪਹਿਲਾ ਇਹ ਕਿ ਮਨੁਸ਼ ਖਾਲਸਾ ਇਸਤ੍ਰੀਆਂ ਨੂੰ ਆਪਣੇ ਗੁਣ ਦਿਖੌਣ ਦਾ ਮੌਕਾ ਨਹੀਂ ਦਿੰਦੇ ਅਤੇ ਜਾਤੀ ਦ੍ਵੇਸ਼ ਕਰਕੇ ਉਹਨਾਂ ਨੂੰ ਨਫਰਤ ਕਰਦੇ ਹਨ ਯਾ ਦੂਸਰਾ ਇਹ ਕਿ ਖਾਲਸਾ ਇਸਤ੍ਰੀਆਂ ਹੀ ਅਜੇ ਤਕ ਨਾਲਾਇਕ ਅਤੇ ਬੇ-ਸਮਝ ਹਨ ਜਿਸ ਕਰਕੇ ਕੋਈ ਕੰਮ ਉਨ੍ਹਾਂ ਦੇ ਸਪੁਰਦ ਨਹੀਂ ਕੀਤਾ ਜਾ ਸਕਦਾ ਇਨ੍ਹਾਂ ਗੱਲਾਂ ਦਾ ਉਤਰ ਹਰ ਆਦਮੀ ਆਪਣੀ ਆਪਣੀ ਬੁਧ ਅਨੁਸਾਰ ਹੀ ਦੇਵੇਗਾ। ਮੇਰੇ ਖਿਆਲ ਵਿਚ ਬਹੁਤਾਂ ਦੋਸ਼ ਇਸਤ੍ਰੀਆਂ ਦਾ ਹੀ ਹੈ ਉਹ ਕਿਉਂ ਆਪਣੇ ਹੱਕਾਂ ਲਈ ਕੂਕ ਪੁਕਾਰ ਅਤੇ ਪੁਰਸ਼ਾਰਥ ਨਹੀਂ ਕਰਦੀਆਂ ਜੇਹੜਾ ਆਦਮੀ ਸ੍ਵੈਰਖਸ਼ਾ ਨਹੀਂ ਕਰ ਸਕਦਾ, ਉਹ ਹਮੇਸ਼ਾਂ ਹੀ ਪਰਾਧੀਨ ਹੋਕੇ ਦੁਖ ਸਹਿੰਦਾ ਹੈ ਅਤੇ ਸਹੇਗਾ।

ਮੈਨੂੰ ਬੜਾ ਅਫਸੋਸ ਹੈ ਕਿ ਕਿਸੇ ਭੀ ਗੁਰਦੁਆਰਾ ਕਮੇਟੀ ਯਾ ਵਿਦਯਕ ਜਥੇ ਦੀ ਮੈਂਬਰ ਕੋਈ ਇਸਤ੍ਰੀ ਨਹੀਂ ਹੈ ਇਸ-ਤ੍ਰੀਆਂ ਦੀ ਅਧੋਗਤੀ ਦਾ ਕਾਰਨ ਹੈ ਕਿ ਪੰਥ ਕਾਲੇ ਸਮੁੰਦਰਾਂ ਵਲ ਰੁੜ੍ਹਦਾ ਜਾ ਰਿਹਾ ਹੈ। ਕੌਮ ਦੀ ਤ੍ਰੱਕੀ ਦੇ ਪਹਿਲੇ ਪਹੀਆਂ ਨੂੰ ਮਾਵਾਂ ਧੀਆਂ ਹੱਡੀਆਂ ਦੇ SPokes ਯਾ ਗਜ ਪਿਆ ਕਰਦੇ ਹਨ। ਜੇ ਵਿਹੀ ਧਾਲੂਤ ਰੁਹੀ ਤਾਂ ਉਹ ਅਖਾਣ, ਜੋ ਮੌਲਾਨਾ ਹਾਲੀ ਜੀ

ਨੇ ਹਿੰਦੁਸਤਾਨ ਦੇ ਮੁਲਸਮਾਨਾਂ ਬਾਬਤ ਕਹੀ ਸੀ, ਠੀਕ ਹੀ ਸਿਖਾਂ ਉਤੇ ਘਟੇਗੀ ਅਤੇ ਸਿਖ ਮਤ ਦੀ ਕਬਰ ਭੀ ਦਰਯਾ ਗੰਗਾ ਵਿਚ ਹੀ ਬਣੇਗੀ ਹਾਲੀ ਜੀ ਲਿਖਦੇ ਹਨ:—

"ਦੀਨ ਹਜਾਜ਼ੀ ਕਾ ਬੇਬਾਕ ਬੇੜਾ ।
ਨਿਸ਼ਾਨ ਜਿਸਕਾ ਅਕਸਾਂਏ ਅਲਗ ਮੇਂ ਪਹੁੰਚਾ ।
ਮਜ਼ਾਹਮ ਹੁਆ ਕੋਈ ਖਤਰਾ ਨ ਜਿਸਕਾ ।
ਨ ਅਮਾਨ ਮੇਂ ਠਠਕਾ ਨ ਕੁਲਜ਼ਮ ਮੇਂ ਝਿਜਕਾ ।
ਕੀਏ ਪੇ ਸਪਰ ਜਿਸਨੇ ਸਾਤੋਂ ਸਮੁੰਦਰ ।
ਵੁਹ ਡੂਬਾ ਦਹਾਨੇ ਮੇਂ ਗੰਗਾ ਕੇ ਆਕਰ ।"

ਜੇ ਖਾਲਸਾ ਪੰਥ ਅੰਦਰ ਇਸਤ੍ਰੀਆਂ ਦੀ ਇਹੀ ਹਾਲਤ ਰਹੀ ਤਾਂ ਖ਼ਾਲਸਾ ਪੰਥ ਦੇ ਮਰਣ ਦੇ ਵੈਣ ਕੋਈ ਦਰਦ ਭਰਿਆ ਦਿਲ ਰਖਣ ਵਾਲਾ ਕਵੀ ਅਜਿਹੀ ਪ੍ਰਕਾਰ ਲਿਖੇਗਾ, ਜਿਸ ਪ੍ਰਕਾਰ ਮੌਲਾਨਾ ਹਾਲੀ ਅਤੇ ਸਰ—ਇਕਬਾਲ ਨੇ ਮੁਸਲਮਾਨਾਂ ਦੇ ਗਿਰ ਜਾਣ ਦੇ ਨਕਸ਼ੇ ਅਤੇ ਦਿਲ-ਚੀਰਵੇਂ ਅਖਰਾਂ ਵਿਚ ਖਿਚੇ ਹਨ ।

ਹਰ ਪ੍ਰਕਾਰ ਦੀ ਪੂਰਨ ਸੁਤੰਤ੍ਰਤਾ ਦੇਕੇ ਖਾਲਸਾ ਧਰਮ ਦੇ ਗੁਰੂਆਂ ਨੇ ਇਸਤ੍ਰੀ ਜਾਤੀ ਨੂੰ ਵਿਚੋਂ ਕਢਿਆ, ਇਸਤ੍ਰੀਆਂ ਨੇ ਭੀ ਗੁਰੂ ਸਾਹਿਬ ਜੀ ਦੀ ਆਗਿਆ ਦਾ ਐਸਾ ਪਾਲਣ ਕੀਤਾ, ਜਿਸਦੀ ਮਸਾਲ ਕਿਤੇ ਟਾਵੀਂ ਟਾਵੀਂ ਹੀ ਮਿਲਦੀ ਹੈ । ਜਦ ਭੀ ਕਦੇ ਗੁਰੂ ਕੇ ਸਿਖ ਡੋਲੇ ਤਾਂ ਇਸਤ੍ਰੀਆਂ ਨੇ ਹੀ ਇਨਾਂ ਨੂੰ ਸਿਧੇ ਰਸਤੇ ਪਾਯਾ ।

ਬੀਬੀ ਨਾਨਕੀ ਜੀ ਦੀ ਜ਼ਿੰਦਗੀ ਇੱਕ ਅਦੁਤੀ ਪ੍ਰੇਮ, ਸ਼ਰਧਾ ਅਤੇ ਭਜਨ ਦੀ ਮਸਾਲ ਹੈ । ਬੀਬੀ ਭਾਨੀ ਜੀ ਦੀ ਸੇਵਾ ਧ੍ਰੂਅ ਤਾਰੇ ਵਾਂਕਰ ਭੁਲਿਆਂ ਨੂੰ ਰਸਤੇ ਪਾਉਂਦੀ ਹੈ । ਬੀਬੀ ਜੀ ਨੇ ਲੋਕ ਲਾਜ ਨੂੰ ਤਿਆਗਕੇ ਗੁਰੂ ਘਰ ਦੀ ਅਤੁੱਟ ਸੇਵਾ ਕੀਤੀ ਹੈ। ਇੱਕ ਵਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਸਾਹਿਬਜੀ ਆਏ ਤਾਂ ਪੁਜਾਰੀਆਂ ਨੇ ਦਰਬਾਰ ਜੀ ਦੇ ਅੰਦਰ ਜ ਣਦੀ ਆਗਿਆ ਨਾ ਦਿੱਤੀ । ਸ਼ਾਂਤ ਸਰੂਪ ਗੁਰੂ ਸਾਹਿਬ ਜੀ ਕੋਠੇ ਸਾਹਿਬ ਜਾ ਬਿਰਾਜੇ, ਮਾਈਆਂ ਦੁਧ, ਭਾਤ, ਖਾਨ ਪਾਨ ਲੈਕੇ ਆਦਿ ... ਲੈਕੇ ਪਹੁੰਚੀਆਂ ਅਤੇ ਗੁਰੂ ਸਾਹਿਬ ਜੀ ਨੇ ਇਨ੍ਹਾਂ ਨੂੰ ਵਰ ਦਿੱਤਾ

ਕਿ "ਮਾਈਆਂ ਰਬ ਰਜਾਈਆਂ।"

ਦਸਵੇਂ ਗੁਰੂ ਸਾਹਿਬ ਜੀ ਨੂੰ ਜ਼ਾਲਮਾਂ ਅਤੇ ਵਿਰੋਧੀਆਂ ਨਾਲ ਜੰਗ ਕਰਦਿਆਂ ਮੁਦਤਾਂ ਗੁਜ਼ਰ ਗਈਆਂ ਅਨੰਦਪੁਰ ਦਾ ਕਿਲ੍ਹਾ ਸਿਖਰ ਪਹਾੜੀ ਉਤੇ ਸੀ, ਜ਼ਾਲਮਾਂ ਬੜਾ ਜ਼ੋਰ ਲਾਇਆ, ਪਰ ਕਿਲ੍ਹਾ ਸਰ ਨਾ ਹੋਵੇ। ਇਧਰ ਗੁਰੂ ਕੇ ਲੰਗਰ ਮਸਤਾਨੇ ਹੋ ਚੱਲੇ ਸਿੰਘਾਂ ਨੂੰ ਬਦਾਮ ਛਕ ਛਕ ਕੇ ਗੁਜ਼ਾਰਾ ਕਰਨਾ ਪਿਆ। ਅਖੀਰ ਕੜਾਕੇ ਕੱਟਣੇ ਪਏ। ਸੱਚ ਸਿਆਣਿਆਂ ਕਿਹਾ ਹੈ ਕਿ ਮੌਤੋਂ ਭੁਖ ਬੁਰੀ, ਭੁੱਖ ਡਾਇਣ ਨੇ ਕੁਛਕੁ ਸਿੰਘਾਂ ਦੇ ਨਿਸ਼ਚੇ ਹਲਾ ਦਿਤੇ। ਗੁਰੂ ਕੇ ੪੦ ਸਿਖ ਗੁਰੂ ਸਾਹਿਬ ਨੂੰ ਬਿਦਾਵਾ ਲਿਖ ਘਰਾਂ ਨੂੰ ਟੁਰ ਆਏ। ਸਿੰਘਣੀਆਂ ਗੁਰੂ ਜੀ ਦਾ ਹਾਲ ਪੁਛਿਆ ਵਿਥਿਆ ਸੁਣ ਬੜੀਆਂ ਚਕ੍ਰਿਤ ਹੋਈਆਂ ਅਤੇ ਕਹਿਣ ਲੱਗੀਆਂ। "ਹੇ, ਬੇਮੁਖ ਅਕ੍ਰਿਤਘਣੋਂ, ਗੁਰੂ ਸਾਹਿਬ ਦੇ ਸਨਮੁਖ ਸ਼ਹੀਦਾਂ ਵਾਲੀ ਸੱਚੀ ਮੌਤ ਤੋਂ ਡਰਦੇ ਗਿੱਦੜਾਂ ਵਾਲੀ ਮੌਤ ਮਰਨ ਘਰੀਂ ਆ ਲੁਕੇ ਹੋ। ਸ਼ਰਮ ਕਰੋ, ਹਯਾ ਖਾਓ, ਤੁਸੀਂ ਹੁਣ ਸਾਡੇ ਇਸਤ੍ਰੀਆਂ ਵਾਲੇ ਕੱਪੜੇ ਪਾਕੇ ਚੱਕੀਆਂ ਪੀਸੋ ਅਤੇ ਬਚੇ ਪਾਲੋ ਅਸੀਂ ਗੁਰੂ ਦੇ ਵਾਸਤੇ ਮਰਾਂ-ਗੀਆਂ। ਸਿੰਘਾਂ ਇਹ ਸੁਣ ਤਰਕ. ਖਾਧੀ, ਪਰ ਜੱਥੇਦਾਰ ਕੋਈ ਨਾ ਬਣੇ। ਅਖੀਰ ਮਾਈ ਭਾਗ ਕੌਰ ਦੀ ਜੱਥੇਦਾਰੀ ਹੇਠ ਇਹ ਜੱਥਾ ਟੁੱਟੀ ਗੰਢਨ ਅਤੇ ਸ਼ਹੀਦੀਆਂ ਪਾਵਣ ਚੱਲ ਪਿਆ। ਵੈਰੀਆਂ ਨਾਲ ਮੁਕਤਸਰ ਸਾਹਿਬ ਜੰਗ ਹੋਇਆ ਸਿੰਘਾਂ ਨੇ ਵਧ ਵਧ ਕੇ ਸ਼ਹੀਦੀਆਂ ਪਾਈਆਂ ਅਤੇ ਆਪਣੇ ਸਤਿਗੁਰਾਂ ਨਾਲ ਟੁਟੀ ਗੰਢੀ। ਇਹ ਪੂਜਨੀਯ ਮਾਈ ਭਾਗੋ ਦਾ ਬ੍ਰਿਤਾਂਤ ਹੈ ਇਹ ਮਾਈ ਗੁਰੂ ਸਾਹਿਬ ਦੇ ਨਾਲ ਹੀ ਹਜ਼ੂਰ ਸਾਹਿਬ ਨੂੰ ਚਲੀ ਗਈ ਅਤੇ ਓਥੇ ਹੀ ਜੋਤੀ ਜੋਤ ਸਮਾਈ, ਇਸਦਾ ਆਖਰੀ ਅਸਥਾਨ ਸ੍ਰੀ ਅਬਚਲ ਨਗਰ ਵਿਚ ਹੈ।

ਮਾਤਾ ਭਾਗੋ ਦੀ ਸਾਂਗ ਦਾ ਫਲ ਜੋ ਅਬਚਲ ਨਗਰ ਦੇ ਗੁਰਦੁਆਰੇ ਪਿਆ ਹੈ, ਇਤਨਾ ਭਾਰੀ ਹੈ ਕਿ ਅੱਜ ਕਲ ਦੇ ਟਾਈਆਂ, ਕਾਲਰਾਂ, ਪਤਲੂਨਾਂ, ਅਤੇ ਪੱਛਮੀ ਸਭਯਤਾ ਦੇ ਆਸ਼ਕ

ਨੌਜਵਾਨਪੜ੍ਹੇਲਿਖੇਸਿੱਖਅਤੇ ਉਚੀਅੱਡੀਦੇਬੂਟ ਪੌਣਵਾਲੀਆਂਫੈਸ਼ਨਾਂ ਦੀਆਂਢੂਕੀਆਂਹੋਈਆਂ ਸਾੜ੍ਹੀਆਂ ਸਜੌਣ ਵਾਲੀਆਂ, ਕੇਕ ਬਿਸਕੁਟਾਂ ਟਿਫਨਾਂਉਡਾਣ ਵਾਲੀਆਂਸ਼ੌਕੀਆ ਤੌਰ ਤੇ ਐਨਕਾਂ ਲੌਣ ਵਾਲੀਆਂ ਪੜ੍ਹੀਆਂਲਿਖੀਆਂਸਿਖਣੀਆਂਦੋਨਾਂਵਿਚੋਂਸ਼ਾਇਦ ਇਸ ਫਲਨੂੰ ਕੋਈ ਦੋਹਾਂ ਹੱਥਾਂ ਵਿਚ ਪਕੜਕੇ ਜ਼ਮੀਨ ਉਤੋਂ ਭੀ ਨਾ ਚੁਕ ਸਕੇ ਇਸਨੂੰ ਹਥ ਪਕੜ ਵੈਰੀਆਂ ਉਤੇ ਵਾਹੁਣਾ, ਘੋੜੇ ਚੜ੍ਹਕੇ ਸਾਰਾ ਸਾਰਾ ਦਿਨ ਚਲੌਣਾ ਤਾਂ ਇਕ ਪਾਸੇ ਰਿਹਾ.........ਹਾਂ ਜੇ ਕਿਤੇ ਕਿਧਰੇ ਕੋਈ ਐਸਾ ਘੋੜਾ ਹੋਵੇ ਜਿਸ ਉਤੇ ਆਦਮੀ ਚੜ੍ਹਕੇ ਡਿੱਗੇ ਹੀ ਨਾ। ਕਾਗਤ ਦੀਆਂ ਗੋਲੀਆਂ ਹੋਵਣ ਜਿਨ੍ਹਾਂ ਦੇ ਚਲੌਣ ਨਾਲ ਮਰਨ ਮਾਰਨ ਦਾ ਧੋਖਾ ਨਾ ਹੋਵੇ ਤਾਂ ਸ਼ਾਇਦ ਅੱਜ ਕਲ ਦੀ ਨਵੀਨ ਰੋਸ਼ਨੀ ਦੀ ਛਤਰ ਛਾਇਆ ਹੇਠ ਪਲੇ ਹੋਏ ਸਿੱਖ ਸਿੱਖਣੀਆਂ ਉਸਨੂੰ ੧੫ ਮਿੰਟ ਚਲਾਕੇ ਇਕ ਮਹੀਨਾ ਮਿਓ ਹਸਪਤਾਲ ਵਿਚ ਰੈਸਟ ਲਈ ਪਏ ਰਹਿਣ.........." ਵਾਹਿਗੁਰੂ ਦੀ ਕੁਦਰਤ !

ਸਿੰਘ ਸਭਾ ਲਹਿਰ ਦੇ ਪੁਰਾਣੇ ਖੁੰਡ ਬੁਢੇ ਸਿੱਖ ਮੈਂ ਅਜੇ ਤਕ ਆਪਣੀ ਅੱਖੀਂ ਬੀਣੀ ਪਕੜਨ, ਮੁੰਗਲੀਆਂ ਫੇਰਨ, ਤਲ-ਵਾਰ ਚਲੌਣ, ਗਤਕਾ ਖੇਲਨ ਅਤੇ ਸ਼ਿਕਾਰ ਖੇਡਣ ਵਿਚ ਸ਼ਰਤਾਂ ਲਾਕੇ ਅਜ ਕਲ ਦੇ ਨੌਜਵਾਨਾਂ ਨੂੰ ਜਿੱਤਦੇ ਦੇਖੇ ਹਨ। ਅਫਸੋਸ ਜੋ ਸਿੱਖਾਂ ਅੰਦਰੋਂ ਸਾਦਾ ਜੀਵਨ, ਸ਼ਾਸਤ੍ਰ ਵਿੱਦਿਆ, ਸ਼ਸਤ੍ਰ ਵਿਦਿਆ ਅਤੇ ਗਾਇਨ ਵਿੱਦਿਆ ਬਿਲਕੁਲ ਹੀ ਉਡ ਗਈਆਂ ਹਨ। ਅਤੇ ਸਿੱਖਾਂ ਨੂੰ ਸ਼ਸਤ੍ਰਾਂ ਦੇ ਨਾਮ ਤਕ ਭੀ ਨਹੀਂ ਆਉਂਦੇ। ੧੦੦ ਵਿਚੋਂ ੯੯ ਨੂੰ ਇਹ ਪਰਖ ਨਹੀਂ ਕਿ ਕ੍ਰਿਪਾਨ ਕਿਸ ਲੋਹੇ ਦੀ ਅੱਛੀ ਹੁੰਦੀ ਹੈ। ਬਹੁਤ ਸਾਰੇ ਤਾਂ ਅਜ ਕਲ ਪੱਤੀ ਦੀਆਂ ਬਣੀਆਂ ਹੋਈਆਂ ਨਿਕਲ ਕੀਤੀਆਂ ਹੋਈਆਂ ਹੀ ਚੁਕੀ ਫਿਰਦੇ ਹਨ ਜਿਨ੍ਹਾਂ ਦਾ ਜ਼ਰਾ ਜਿਤਨਾ ਭੀ ਫਾਇਦਾ ਨਹੀਂ ਇਹੋ ਜਹੀਆਂ ਕ੍ਰਿਪਾਨਾਂ ਚਲਾਣ ਲੱਗਿਆਂ ਹੀ ਟੁੱਟ ਜਾਂਦੀਆਂ ਹਨ ਅੱਜਕਲ ਦੇ ਬਹੁਤ ਸਾਰੇ ਸਿੱਖ ਹੱਥ ਵਿੱਚ ਸ਼ਸਤ੍ਰ ਫੜਨੇ ਅਤੇ ਉਸਦਾ ਚਲੌਣਾ ਸਿੱਖਣਾਂ ਐਟੀਕੇਟ ਤੋਂ ਖਿਲਾਫ਼ ਸਮਝਦੇ ਹਨ। ਮਾਈ ਭਾਗ ਕੌਰ ਦੀ ਸਾਂਗ ਦੇ ਫਲ ਨੂੰ ਕਈ ਪੁਰਖ ਅਤੇ ਅਨਜਾਣ ਆਦਮੀ ਅਸ਼ਟਭੁਜੀ ਦੇਵੀ

ਆਖਦੇ ਹਨ । ਅਸਲ ਵਿੱਚ ਅਸ਼ਟਭੁਜੀ ਇੱਕ ਹੋਰਹਥਿਆਰ ਹੁੰਦਾਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਵੇਲੇ ਦੇ ਹਾਕਮਾਂ ਵੱਲੋਂ ਸਿੰਘਾਂ ਉਤੇ ਜ਼ੁਲਮ, ਮੌਤ ਅਤੇ ਅਨਿਆਇ ਦੇ ਪਹਾੜ ਤੋੜੇ ਗਏ ਜਿੱਥੋਂ ਤੱਕ ਇਤਿਹਾਸ ਦਾ ਪਤਾ ਲੱਗਦਾ ਹੈ ੧੭੧੭ ਈਸਵੀ ਤੋਂ ੧੭੬੩ ਈਸਵੀ (ਵਡੇ ਘਲੂਘਾਰੇ ਤਕ) ਵਿਚਕਾਰਲੇ ਸਮੇਂ ਅੰਦਰ ਘਟੋ ਘੱਟ ੪ ਲੱਖ ਤੋਂ ਉਪਰ ਸਿੰਘ ਸ਼ਹੀਦ ਹੋਏ ਹਨ ਮੈਂ ਇਸਸਮੇਂ ਨੂੰ "ਦੀ ਡੇਜ਼ ਔਫ ਮਾਰਟਾਇਰਡਮ' ਆਖਦਾ ਹਾਂ ਸਿੱਖਾਂ ਦੇ ਪਿੱਛੇ ਸਰਕਾਰੀ ਫੌਜਾਂ ਉਹਨਾਂ ਦਾ ਸ਼ਿਕਾਰ ਕਰਨ ਲਈ ਛੱਡੀਆਂ ਗਈਆਂ । ਪਕੜ ਪਕੜਕੇ ਨਿਰਪ੍ਰਾਧ ਸਿੱਖ ਸੂਲੀਆਂ ਦਿੱਤੇ ਗਏ, ਚਰਖੜੀਆਂ ਤੇ ਚਾੜੇ ਗਏ ਜਲ ਦੀਆਂ ਦੇਗਾਂ ਵਿਚ ਬਠਾਏ ਗਏ, ਦਰਿਆਵਾਂ ਵਿਚ ਡੋਬੇ ਗਏ ਪਹਾੜਾਂ ਉਤੋਂ ਰੋਹੜੇ ਗਏ ਅਤੇ ਸ਼ੇਰਾਂ ਅਤੇ ਹਾਥੀਆਂ ਤੋਂ ਪੜਵਾਏ ਗਏ। ਸਰਕਾਰੀ ਇਸ਼ਤਿਹਾਰ ਮੁਜਬ ਜੋ ਕੋਈ ਸਿੱਖ ਦਾ ਸਿਰ ਵੱਢਕੇ ਲਿਆਉਂਦਾ ਤਾਂ ਉਸਨੂੰ ਖਜ਼ਾਨੇ ਵਿਚੋਂ ੨੦) ਰੁਪੇ ਇਨਾਮ ਦਿੱਤਾ ਜਾਂਦਾ ਸੀ, ਪਰ ਧੰਨ ਸਨ, ਓਹ ਸਿੱਖ ਅਤੇ ਸਿੰਘਣੀਆਂ ਜੋਹੜੇ ਭਾਣੇ ਨੂੰ ਮਿੱਠਾ ਮੰਨਦੇ ਇਹ ਗੀਤ ਗਾਇਆ ਕਰਦੇ ਸਨ ।

(ਮੰਨੂ ਸਾਡੀ ਦਾਤ੍ਰੀ ਅਸੀ ਮੰਨੂ ਦੇ ਸੋਏ।
ਜਿਉ ੨ ਮੰਨੂੰ ਸਾਨੂੰ ਵੱਢੇ ਦੂਣੇ ਚੋਣੇ ਹੋਏ)

ਸਿੰਘਾਂ ਦਾ ਜਨਮ ਹੀ ਤਲਵਾਰ ਦੀ ਧਾਰ ਵਿਚੋਂ ਹੈ, ਦੀ ਗੁੜ੍ਹਤੀ ਦੇਣ ਵਾਲੀ ਦਾਈ ਹੈ। ਸੋ ਜਿਉਂ ਜਿਉਂ ਤਲਵਾਰਾਂ ਚਲਾ ਚਲਾ ਵੈਰੀ ਸਿੱਖਾਂ ਦਾ ਖੁਰਾ ਖੋਜ ਮਿਟਾਉਣਾ ਚਾਹੁੰਦੇ ਸਨ ਉਹ ਵਧਦੇ ਹੀ ਚਲੇ ਜਾਂਦੇ ਅਤੇ ਸਾਵਣ ਦੀਆਂ ਖੁੰਬਾਂ ਵਾਂਗ ਵਕਤ ਸਿਰ ਫੇਰ ਹਰੇ ਹੋ ਜਾਂਦੇ ਸਨ।

ਇਸ ਸਮੇਂ ਅੰਦਰ ਭੀ ਬੇਅੰਤ ਸਿੰਘਣੀਆਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ । ਮੀਰਮੰਨੂ ਨੇ ਸਿੰਘਣੀਆਂ ਦੇ ਇੱਕ ਜੱਥੇ ਨੂੰ ਫੜਕੇ ਲਾਹੌਰ ਭੋਰਿਆਂ ਵਿਚ ਸੁੱਟ ਦਿੱਤਾ । ਉਹ ਚਰਖੜੀ ਅਤੇ ਖੂਨੀ ਖੂਹ ਬਿਲਕੁਲ ਹੀ ਮਸੀਤ ਦੇ ਸਾਹਮਣੇ ਹਨ। ਨਿਰਪ੍ਰਾਧ,

ਸਿੰਘਣੀਆਂ ਨੂੰ ਇੱਕ ਪਾਸੇ ਚਰਖੜੀ ਦਿਖਾਈ ਜਾਂਦੀ ਸੀ ਅਤੇ ਦੂਜੇ ਪਾਸੇ ਮਸੀਤ ਗੁਰੂ ਕੀਆਂ ਦੁਲਾਰੀਆਂ ਸਿੱਖਣੀਆਂ ਮਸੀਤ ਵੱਲ ਨਿਗ੍ਹਾ ਚੁਕਕੇ ਭੀ ਨਹੀਂ ਦੇਖਦੀਆਂ ਸਨ ਸਗੋਂ ਭੱਜਕੇ ਜਾਕੇ ਚਰਖੜੀ ਨੂੰ ਜੱਫੀ ਪਾਕੇ ਇਉਂ ਗੀਤ ਗਾਇਆ ਕਰਦੀਆਂ ਸਨ।

"ਧੰਨਧੰਨ ਤੂੰਚਰਖੜੀ ਪਿਆਰੀਏ ਨੀ,ਖੋਟੇਖਰੇਨੂੰਖੂਬ ਪਰਖਦੀ ਏਂ।

ਇਹਨਾਂ ਸਿਦਕੀ ਸਿੰਘਣੀਆਂ ਨੇ ਜਦੋਂ ਇਸਲਾਮ ਕਬੂਲ ਕਰਨੋਂ ਨਾਂਹ ਕੀਤੀ ਤਾਂ ਇਹਨਾਂ ਨੂੰਤਸੀਹੇ ਦਿਤੇ ਗਏ। ਸਵਾ ਸਵਾ ਮਣ ਪੀਸਣ ਨੂੰ ਦਿੱਤਾ। ਅੰਗ ਅੰਗ ਲੋਹੇ ਦੀਆਂ ਗਰਮ ਗਰਮ ਸੀਖਾਂ ਨਾਲ ਫੂਕੇ, ਗਲਾਂ ਵਿਚ ਪੁਠੀਆਂ ਬੇੜੀਆਂ ਪਾਈਆਂ। ਪਿਆਰੇ ਜਿਗਰ ਦੇ ਟੋਟੇ ਪੁੱਤ੍ਰਾਂ ਨੂੰ ਤਲਵਾਰਾਂ ਨਾਲ ਟੁਕਿਆ ਪੁੱਤ੍ਰਾਂ ਦੇ ਸਰੀਰਾਂ ਦੇ ਟੁਕੜਿਆਂ ਨੂੰ ਪਰੋਕੇ ਸਿੰਘਣੀਆਂ ਦੇ ਗਲਾਂ ਵਿਚ ਹਾਰ ਪਾਏ, ਪਰ ਧੰਨ, ਧੰਨ ਧੰਨ ਸਨ ਉਹ ਸਿੰਘਣੀਆਂ ਜਿਨ੍ਹਾਂਅਡੋਲ ਹੀ ਭਾਣੇ ਨੂੰ ਮੰਨਿਆ ਅਤੇ ਸਾਬਤ ਰਹੀਆਂ। ਇਨ੍ਹਾਂ ਸਿੰਘਣੀਆਂ ਦਾ ਹਾਲ ਭਾਈ ਵਿੱਤ ਸਿੰਘ ਜੀ ਗਿਆਨੀ ਨੇ ਆਪਣੀ ਪੁਸਤਕ "ਸਿਦਕ ਸਿੰਘਣੀਆਂ' ਵਿਚ ਭਲੀ ਭਾਂਤ ਲਿਖਿਆ ਹੈ। ਕਈ ਪ੍ਰੇਮੀਆਂ ਦੇ ਉੱਦਮ ਨਾਲ ਜਿਨ੍ਹਾਂ ਵਿਚੋਂ ਭਾਈ ਰਾਜਿੰਦਰ ਸਿੰਘ ਜੀ ਗਾਰਡ ਲਾਹੌਰ ਦਾ ਨਾਮ ਖਾਸ ਜਿਕਰ ਦੇ ਲਾਇਕ ਹੈ, ਇਹ ਗੁਰਦਵਾਰਾ ਸ਼ਹੀਦ ਗੰਜ ਸਿੰਘਣੀਆਂ ਹੈ ਸੰਨ ੧੯੨੯ ਵਿਚ ਅਬਾਦ ਕੀਤਾ ਹੈ।

ਇਸ ਸਮੇਂ ਅੰਦਰ ਹੀ ਹਜ਼ੂਰ ਸਾਹਿਬ ਜੀ ਦਾ ਗੁਰਦਵਾਰਾ ਅਤੇ ਜ਼ਮੀਨਾਂ ਮੁਸਲਮਾਨਾਂ ਨੇ ਖੋਹ ਲਈਆਂ ਇਹ ਅਤਿ ਦੁਖਦਾਈ ਅਤੇ ਹਿਰਦਿਆਂ ਨੂੰ ਵਿੰਨ੍ਹਣ ਵਾਲੀ ਖਬਰ ਦਮਦਮੇ ਸਾਹਿਬ ਜੀ ਬਸਾਖੀ ਦੇ ਮੌਕੇ ਤੇ ਪੁਜੀ। ਮੇਰਾ ਖਿਆਲ ਹੈ ਕਿ ਇਸ ਸਮੇਂ ਸੰਮਤ ੧੮੧੦ ਯਾ ੧੮੧੫ ਹੋਵੇਗਾ। ਇਕ ਵਹੀਰ ਜਿਸ ਦੇ ਸੰਗੀਆਂ ਦੀ ਗਿਣਤੀ ੧੦੦੦ ਦੇ ਨੇੜ ਤੇੜ ਸੀ ਝਟ ਤਿਆਰ ਹੋਗਿਆ ੫੦੦ ਸਿੰਘਣੀਆਂ ਭੀ ਨਾਲ ਹੀ ਸਨ। ਚਲਦੇ ਚਲਦੇ ਇਹ ਸਾਰਾ ਜੱਥਾ ਹਜ਼ੂਰ ਸਾਹਿਬ ਪਹੁੰਚਿਆ ਮੁਸਲਮਾਨਾਂ ਨਾਲ

ਘਮਸਾਣ ਦਾ ਜੰਗ ਹੋਇਆ, ਗੁਰੂ ਕੀਆਂ ਸਿੰਘਣੀਆਂ, ਮਾਤਾ ਸਾਹਿਬ ਕੌਰ ਦੀਆਂ ਲਾਡਲੀਆਂ ਸਪੁਤਰੀਆਂ, ਭਵਾਨੀਆਂ ਧੂਕੇ ਭੁੱਖੇ ਸ਼ੇਰਾਂ ਵਾਂਕਰ ਵੈਰੀਆਂ ਦੀ ਸੈਨਾਂ ਉੱਤੇ ਕੁੱਦ ਪਈਆਂ ਗੁਰੂ ਨੇ ਅੰਗ ਸੰਗ ਹੋਕੇ ਸਹਾਇਤਾ ਕੀਤੀ ਸਿੰਘਣੀਆਂ ਭਬਕਾਰੀਆਂ ਅਤੇ ਵੈਰੀਆਂ ਦੇ ਦਿਲ ਕੰਬਣ ਲਗ ਪਏ ਕਟਕ ਦੀ ਤਲਵਾਰ ਚਲੀ, ਸਾਂਗ ਉੱਤੇ ਸਾਂਗ ਖੜਕੀ ਤੀਰ, ਤੁਪਕ, ਖੰਜਰ, ਤਲਵਾਰ ਦੇ ਬਹਾਦਰ ਸਿੰਘਣੀਆਂ ਨੇ ਬੜੇ ਹੱਥ ਦਖਾਏ, ਸ਼ਸ਼ਤਰ ਵਿਦਿਆ ਵਿਚ ਨਿਪੁਨ ਸਿੰਘਾਂ ਦੀਆਂ ਪੁਤਰੀਆਂ ਨੇ ਵੈਰੀ ਦੇ ਲਹੂ ਨਾਲ ਧਰਤੀ ਲਾਲ ਕਰ ਦਿੱਤੀ ਵੈਰੀ ਦੀ ਫੌਜ ਵਿਚ ਭਾਜੜ ਪੈ ਗਈ, ਮੈਦਾਨ ਵਿਚ ਸਿੰਘਣੀਆਂ ਦੀ ਜੈ ਹੋਈ ਅਤੇ ਭਜੇ ਜਾਂਦੇ ਵੈਰੀਆਂ ਦਾ ਇਕ ਦਮਾਮਾ ਅਤੇ ਝੰਡਾ ਸਿੰਘਣੀਆਂ ਦੇ ਹੱਥ ਆਇਆ। ਉਸ ਫਤਹਿ ਦੀ ਨਿਸ਼ਾਨੀ ਇਹ ਦੋਨੋ ਚੀਜ਼ਾਂ ਅਜੇ ਮੌਜੂਦ ਹਨ ਅਤੇ ਨਦੇੜ ਸਾਹਿਬ ਗੁਰਦਵਾਰੇ ਵਿਚ ਪਏ ਹਨ, ਕਿਹਾ ਜਾਂਦਾ ਹੈ, ਕਿ ਇਹ ਸਾਰਾ ਜਥਾ ਉਥ ਹੀ ਗੁਰੂ ਕਾ ਪੁਰਾ ਗਰਾਮ ਵਸਾਕੇ ਰਹਿਣ ਲੱਗਾ। (ਨੋਟ) ਇਤਹਾਸਕ ਖੋਜ ਦੀ ਲੋੜ ਹੈ, ਸ਼ਾਇਦ ਵਡੇ ਘਲੂ ਘਾਰੇ ਵੇਲੇ ਵਹੀਰ ਦੇ ਕੁਝ ਸਿੰਘ ਚਲੇ ਗਏ ਹੋਵਣ।

ਬੀਬੀ ਸ਼ਰਨਕੌਰ ਦੀ ਵਾਰਤਾ ਵਿਸਥਾਰ ਪੂਰਬਕ ਦਸਣ ਦੀ ਲੋੜ ਨਹੀਂ। ਗੁਰੂ ਸਿਖਾਂ ਦੀਆਂ ਦੇਹਾਂ ਦਾ ਵੈਰੀਆਂ ਦੀ ਸੈਨਾਂ ਵਿਚ ਜਾਕੇ ਸਸਕਾਰ ਕਰਨਾ, ਵੈਰੀਆਂ ਦੇ ਉਸ ਦੇਵੀ ਨੂੰ ਅੱਗ ਵਿਚ ਸੁਟਕੇ ਮਾਰ ਦੇਣ ਦਾ ਵਰਤਾਂਤ ਹਰ ਕੋਈ ਸਿਖ ਜਾਣਦਾ ਹੈ।

ਹਿੰਦੁਸਤਾਨ ਦੀ ਮੁਗਲੀਆ ਸਲਤਨਤ ਅਸਲ ਵਿਚ ਔਰੰਗਜ਼ੇਬ ਦੇ ਜੀਉਂਦਿਆਂ ਹੀ ਉਸਦੀਆਂ ਕਈ ਗਲਤੀਆਂ ਦੇ ਕਾਰਨ ਕਮਜ਼ੋਰ ਹੋ ਗਈ ਸੀ, ਉਸਦੀ ਮੌਤ ਤੋਂ ਪਿਛੋਂ ਸਾਰੇ ਹਿੰਦੁਸਤਾਨ ਅੰਦਰ ਫਾਜ-ਧਮਚੀ ਅਤੇ ਰਾਜ-ਰੌਲਾ ਪੈ ਗਿਆ, ਜਿਥੇ ਭੀ ਕਿਸੇ ਦਾ ਜ਼ੋਰ ਚੜ੍ਹਿਆ, ਉਸਨੇ ਓਥੇ ਹੀ ਆਪਣੀ ਰਿਆਸਤ ਬਣਾ ਲਈ। ੧੭੬੦ ਈਸਵੀ ਦੇ ਨੇੜ ਤੇੜ ਸਿਖਾਂ ਨੂੰ ਭੀ ਸੁਖ ਦਾ ਸਾਹ ਆਇਆ ਅਤੇ ਇਹਨਾਂ ਨੇ ਭੀ ਜਥੇਦਾਰਾਂ ਦਿਆਂ ਝੰਡਿਆਂ ਹੇਠ ਅਲਾਕੇ ਮਲਣੇ ਸ਼ੁਰੂ, ਕੀਤੇ ਅਤੇ ੧੫ ਸਾਲ ਦੇ

ਅਰਸੇ ਵਿਚ ਹੀ ਇਹਨਾਂ ਨੇ ਪੰਜਾਬ ਅੰਦਰ ਮਿਸਲਾਂ ਕਾਇਮ ਕਰ ਲਈਆਂ। ਬਿਲਕੁਲ ਇਸ ਹੀ ਕਿਸਮ ਦੀ ਗਲ ਮਰਹਟਿਆਂ ਨਾਲ ਬੀਤੀ ਸੇਵਾ ਜੀ ਦੇ ਜਰਨੈਲਾਂ ਨੇ ਭੀ ਆਪਣੀਆਂ ਸੁਤੰਤ੍ਰ ਰਿਆਸਤਾਂ ਕਾਇਮ ਕਰ ਲਈਆਂ ਅਤੇ ਬੰਗਾਲ ਵੱਲ ਅੰਗ੍ਰੇਜ਼ਾਂ ਨੇ ਭੀ ਮਕੜੀ-ਜਾਲ ਤਨਣਾ ਸ਼ੁਰੂ ਕੀਤਾ। ਦਿੱਲੀ ਦੇ ਬਾਦਸ਼ਾਹ ਨਾਮ-ਮਾਤਰ ਹੀ ਬਾਦਸ਼ਾਹ ਕਹੌਂਦੇ ਸਨ। ਦਿਲੀ ਤੋਂ ਬਾਹਰ ਉਨਾਂ ਦਾ ਹੁਕਮ ਕੋਈ ਨਹੀਂ ਮੰਨਦਾ ਸੀ ਸੋ ਤਿੰਨ ਤਾਕਤਾਂ ਅੰਗ੍ਰੇਜ਼, ਮਰਹਟੇ ਅਤੇ ਸਿਖ ਦਿਲੀ ਉਤੇ ਅਖ ਰਖੀ ਬੈਠੇ ਸਨ। ਸਿਖਾਂ ਦੀਆਂ ਰਿਆਸਤਾਂ ਦਿਲੀ ਤੋਂ ਲਾਕੇ ਅਟਕ ਦਰਯਾ ਤਕ ਫੈਲੀਆਂ ਹੋਈਆਂ ਸਨ। ਸਤਲੁਜ ਤੋਂ ਪਰਲੀ ਵਾਰ ਫੂਲਕਿਆਂ ਦੀਆਂ ਮਸ਼ਹੂਰ ਰਿਆਸਤਾਂ ਸਨ। ਅਠਾਰਵੀਂ ਸਦੀ ਦੇ ਅਖੀਰਲ ਸਮੇਂ ਮਹਾਰਾਜਾ ਸਾਹਿਬ ਸਿੰਘ ਓਥੇ ਰਾਜ ਕਰਦਾ ਸੀ ਇਸਦੇ ਸਾਰੇ ਦੇ ਸਾਰੇ ਅਫਸਰ ਅਵਲ ਦਰਜੇ ਦੇ ਕਮੀਨੇ ਅਤੇ ਦਗੇਬਾਜ਼ ਸਨ ਅਤੇ ਰਾਜੇ ਨੂੰ ਬੜਾ ਹੀ ਦੁਖ ਦਿੰਦੇ ਸਨ। ਇਨ੍ਹਾਂ ਦਿਨਾਂ ਅੰਦਰ ਨੀਠਾ ਰਾਓ ਅਤੇ ਲਛਮਣ ਰਾਓ ਦੇ ਮਰਹੱਟੇ ਸਰਦਾਰਾਂ ਨੇ ਪਟਿਆਲੇ ਨੂੰ ਲੁੱਟਣ ਖਾਤਰ ਸਨੌਰ ਪਟਿਆਲੇ ਤੋਂ ਚਾਰ ਮੀਲ ਆ ਡੇਰ ਲਾਇ ਬੇਈਮਾਨ ਸਰਦਾਰ ਜੰਗ ਕਰਨ ਤੋਂ ਡਰ ਗਏ ਅਤੇ ਈਨ ਮੰਨਕੇ ਛਿਆਨੀ ਭਰਨ ਨੂੰ ਤਿਆਰ ਹੋ ਗਏ।

ਈਸ਼੍ਵਰ ਨੂੰ ਇਹ ਗੱਲ ਨਹੀਂ ਭਾਂਵਦੀ ਸੀ ਕਿ ਗੁਰੂ ਕਾ ਘਰ ਪਟਿਆਲਾ ਮਨਮਤੀ ਸਿਰਘਸੇ ਅਤੇ ਨੜੀਮਾਰਾਂ ਦੇ ਹੱਥ ਆਵੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਦਾਤ ਕਿਸੇ ਅਨਮਤੀ ਨੂੰ ਨਹੀਂ ਦੇਣਾ ਚਾਹੁੰਦੇ ਸਨ ਰਾਜ ਮਹਿਲਾਂ ਅੰਦਰ ਗੁਰੂ ਕੀ ਪਿਆਰੀ ਬੀਬੀ ਸਾਹਿਬ ਕੌਰ ਨੂੰ ਪਤਾ ਲੱਗਾ ਸੁਣਕੇ ਅਤਿ ਚਿੰਤਾਵਾਨ ਹੋਈ ਝੱਟ ਆਪਦੇ ਸਲਾਹਕਾਰਾਂ ਨੂੰ ਬੁਲਾਕੇ ੨੦੦੦ ਫੌਜ ਲੇਕੇ ਵੈਰੀਆਂ ਦੇ ਮੁਕਾਬਲੇ ਜਾ ਡੇਰੇ ਲਾਏ। ਵੈਰੀਆਂ ਦੀ ਸੈਨਾਂ ਦੀ ਗਿਣਤੀ ੬ ਯਾ ੭ ਹਜ਼ਾਰ ਤੋਂ ਵਧੀਕ ਸੀ। ਨਿਮਕ-ਹਰਾਮ ਕਨਿਸ਼ਟ ਸਰਦਾਰ ਲੜਾਈ ਕਰਨਾ ਨਹੀਂ ਚਾਹੁੰਦੇ ਸਨ

ਅਤੇ ਬੀਬੀ ਨੂੰ ਮੁੜ ਪਟਿਆਲੇ ਜਾਵਣ ਦੀ ਹੀ ਸਲਾਹ ਦਿੰਦੇ ਸਨ। ਅਖੀਰ ਦੂਸਰੇ ਦਿਨ ਦੋਨਾਂ ਦਲਾਂ ਦੇ ਮੂੰਹ ਜੁੜੇ ਬੀਬੀ ਸਾਹਿਬ ਕੌਰ ਖੁਦ ਜ਼ਰਾਬਕਤਰ ਸਜਾ ਸੰਜੋਇ ਪਹਿਨ, ਪਾਖਰ ਕਸ ਸ਼ਸਤ੍ਰ ਲਗਾ ਮੈਦਾਨ ਵਿਚ ਸਾਰਿਆਂ ਨਾਲੋਂ ਅੱਗੇ ਚੱਲੀ ਪਹਿਲੇ ਦਿਨ ਲੜਾਈ ਦਾ ਫੈਸਲਾ ਨ ਹੋਇਆ ਅਤੇ ਰਾਤ ਪੈ ਗਈ, ਰਾਤ ਨੂੰ ਬੜੇ ਬੜੇ ਸਰਦਾਰ ਬੁਲਾਕੇ ਬੀਬੀ ਨੇ ਜੰਗੀ ਦੀਵਾਨ ਕੀਤਾ। ਕਈਆਂ ਪੇਟ ਪਾਲੂਆਂ ਅਤੇ ਡਰੂ ਸਰਦਾਰਾਂ ਨੇ ਪਟਿਆਲੇ ਨੂੰ ਪਰਤ ਜਾਣ ਦੀ ਸਲਾਹ ਦਿਤੀ, ਬੀਬੀ ਇਹ ਸੁਣਕੇ ਬਹੁਤ ਕਹਿਰਵਾਨ ਹੋਈ ਅਤੇ ਨੰਗੀ ਤਲਵਾਰ ਮਿਆਨੋ ਧੂ ਕੇ ਇਉਂ ਕਹਿਣ ਲੱਗੀ:—

ਮੈਂ ਸਮਝਦੀ ਸਾਂ, ਤੁਸੀਂ ਗੁਰੂ ਕੇ ਸਿੰਘ ਹੋ, ਤੁਸੀਂ ਮੂੰਹ ਸਾਹਮਣੇ ਸਾਰ ਸਹਿਣ ਵਾਲੇ ਹੋਵੋਗੇ ਅਤੇ ਰਣ-ਭੂਮੀ ਅੰਦਰ ਚਾ ਨਾਲ ਵੱਧ ਵੱਧ ਕੇ ਤੇਗਾਂ ਵਾਹੋਗੇ, ਪਰ ਤੁਸਾਡੀਆਂ ਕਰਤੂਤਾਂ ਦਸਦੀਆਂ ਹਨ, ਕਿ ਤੁਸੀਂ ਗਿਦੜ ਹੋ ਅਤੇ ਮੌਤ ਤੋਂ ਡਰਦੇ ਹੋਨ, ਸੱਚੇ ਸੂਰਮੇ ਨਹੀਂ, ਮੁਰਦੇ ਢੋਣ ਵਾਲੇ ਨੀਚ ਹੋ, ਜੇ ਸੂਰਮਗਤੀ ਅਤੇ ਖਾਲਸਾ ਵੀਰਾਂ ਦਾ ਲਹੂ ਤੁਸਾਡੀਆਂ ਰਗਾਂ ਵਿਚ ਨਹੀਂ ਰਹਿਆ, ਤਾਂ ਘਟੋ ਘਟ ਲੂਣ ਖਾਣ ਦੀ ਹਿਯਾ ਪਾਲੋ, ਜੇ ਤੁਹਾਡੀ ਗੈਰਤਪੰਖਲਾਕੇਉਡਗਈਹੈਤਾਂਘਰੀਂਬੈਠੀਆਂ ਆਪਣੀਆਂ ਪੁਤ੍ਰੀਆਂ ਅਤੇ ਇਸਤ੍ਰੀਆਂ ਦਾ ਹੀ ਖਿਆਲ ਕਰੋ। ਪਟਿਆਲਾ ਰਾਵਣ ਦੀ ਲੰਕਾ ਨਹੀਂ ਹੈ ਜਿਸਦੇ ਚੁਫੇਰੇ ਸਮੁੰਦਰ ਹੈ, ਜੇ ਤੁਸੀਂ ਭਜਕੇ ਪਟਿਆਲੇ ਜਾ ਭੀ ਰਹੋ ਤਾਂ ਮਰਹਟੇ ਜੇਹੜੇ ਕਿ ਦੋ ਹਜ਼ਾਰ ਕੋਸ ਦਾ ਪੰਧ ਕੱਟ ਆਏ ਹਨ, ਏਥੇ ੪ ਕੋਸ ਉਤੇ ਨਹੀਂ ਬੈਠ ਰਹਿਣਗੇ। ਸ਼ਰਮ ਕਰੋ, ਲੂਣ ਦੀ ਨਹੀਂ, ਆਪਣੀ ਨਹੀਂ, ਆਪਣੇ ਵਡਿਆਂ ਦੀ ਨਹੀਂ, ਤਾਂ ਘਟੋ ਘਟ ਆਪਣੀਆਂ ਧੀਆਂ ਭੈਣਾਂ ਦੀਆਂ ਚੁਨੀਆਂ ਮਰਹਟਿਆਂ ਦੇ ਪੈਰਾਂ ਹੇਠਾਂ ਨ ਰੁਲਵਾਓ..'ਕਲ ਨੂੰ ਜੀਵਨ ਅਤੇ ਮੌਤ ਦਾ ਫੈਸਲਾ ਹੈ। ਜਿਸਨੇ ਤਲਵਾਰਾਂ ਖਾਣੀਆਂ ਹਨ, ਬਰਛੀਆਂ ਦੇ ਵਾਰ ਸਹਿਣੇ ਹਨ, ਤੀਰ ਝਲਣੇ ਹਨ, ਸਿਰ ਕਟਵਾਣਾ ਹੈ, ਤੋਪ

ਨਾਲ ਉਡਣਾ ਹੈ, ਖੇਹ ਵਿਚ ਰਲਨਾ ਹੈ ਅਤੇ ਦਿਲ ਦਾ ਲਹੂ ਪਾਣੀ ਕਰਕੇ ਪੀਣਾ ਹੈ, ਉਹ ਹੀ ਏਥੇ ਰਹੇ, ਖਾਣ ਨੂੰ ਲੰਗਰ ਮਸਤਾਨੇ ਹੋ ਗਏ ਹਨ ਅਤੇ ਮੈਨੂੰ ਆਸ ਹੈ ਕਿ ਅਸੀਂ ਸਾਰੇ ਕਲ ਰਹਿਰਾਸ ਵੇਲੇ ਗੁਰੂ ਧਾਮ ਗੁਰੂ ਕੇ ਲੰਗਰ ਹੀ ਪਰਸ਼ਾਦੇ ਸਜਾਵਾਂਗੇ ਜਿਸਨੂੰ ਇਹ ਮਨਜ਼ੂਰ ਹੈ ਉਹ ਮੇਰੇ ਪਾਸ ਠਹਿਰੇ ਨਹੀਂ ਤਾਂ ਮੁੜ ਘਰ ਜਾਕੇ ਚਕੀਆਂ ਪੀਹੇ, ਘਗਰੀਆਂ ਪਾਵੇ ਅਤੇ ਸੂਰੀਆਂ ਵਾਂਕਰ ਬਚਿਆਂ ਦੀ ਪਾਲਣਾ ਕਰੇ।

'ਪਰ ਅਖੀਰ ਮੈਂ ਮੌਤ ਘਾਟ ਖੜੀ ਤੁਹਾਨੂੰ ਇਹ ਚਿਤਾਵਨੀ ਦਿਵੇਂਦੀ ਹਾਂ ਕਿ ਉਹ ਸੁਖ, ਉਹ ਸੁੰਦਰ ਇਸਤ੍ਰੀਆਂ ਪੁਤ੍ਰ ਧੀਆਂ, ਹਵੇਲੀਆਂ, ਮਹਲ, ਜਾਇਦਾਦਾਂ, ਜਿਹਨਾਂ ਦੇ ਮੋਹ ਦੇ ਫਸੇ ਹੋਏ ਤੁਸੀਂ ਅਜ ਰਣਭੂਮੀ ਅੰਦਰੋਂ ਭਜਣਾਂ ਚਾਹੁੰਦੇ ਹੋ, ਸਾਡੇ ਮੋਇਆਂ ਪਿਛੋਂ ਤੁਹਾਡੇ ਪਾਸ ਨਹੀਂ ਰਹਿਣਗੀਆਂ, ਮਰਹਟੇ ਤੁਹਾਨੂੰ ਬੰਗ-ਦੁਆਲਾਂ ਵਿਚੋਂ ਗਿਦੜਾਂ ਵਾਂਕਰ ਸ਼ਿਸ਼ਕੋਰ ੨ ਕੇ ਮਾਰ ਸੁਟਣਗੇ, ਉਸ ਸਮੇਂ ਸਾਡੇ ਬਹਾਦਰ ਬਜ਼ੁਰਗਾਂ ਦੀਆਂ ਰੂਹਾਂ ਤੁਹਾਨੂੰ ਕਪੂਤ ਕਹਿ ਕਹਿਕੇ ਦੁਖੀ ਹੋਣਗੀਆਂ। ਅਜ ਤੁਸੀਂ ਇਤਨੇ ਡਿਗ ਚੁਕੇ ਹੋ ਕਿ ਮਰਹਟਿਆਂ ਤੋਂ ਜਾਨ ਬਚਾਉਣ ਲਈ ਕਬੂਤਰਾਂ ਵਾਂਕਰ ਅਖਾਂ ਮੀਟੀ ਬੈਠੇ ਹੋ, ਸ਼ਰਮ ਕਰੋ, ਸ਼ਰਮ ਕਰੋ ਅਤੇ ਵਡਿਆਂ ਦੇ ਨਾਮ ਨੂੰ ਕਾਲਖ ਦਾ ਟਿਕਾ ਨਾ ਲਾਓ'————

ਇਹ ਸ਼ੇਰ ਵਾਲੀ ਭਬਕ ਸੁਣਕੇ ਸਭ ਡਰ ਗਏ ਅਤੇ ਸਭ ਚੁਪ ਕਰ ਗਏ।

ਦੂਸਰੇ ਦਿਨ ਪ੍ਰਾਤਹਿਕਾਲ ਉੱਠ, ਇਸ਼ਨਾਨ ਪਾਠ ਕਰ, ਸ਼ਹੀਦੀ ਬਾਣਾ ਪਹਿਨ, ਹੱਥ ਵਿਚ ਤਲਵਾਰ ਲੈ ਘੋੜੇ ਉੱਤੇ ਸਵਾਰ ਹੋਕੇ ਵਾਹਿਗੁਰੂ ਅਗੇ ਅਰਦਾਸਾ ਸੋਧਿਆ ਅਤੇ ਬੇਨਤੀ ਕੀਤੀ।

'ਕਿ ਹੇ ਕਲਗੀ ਵਾਲੇ ਸੱਚੇ ਪਿਤਾ, ਆਪ ਦੀ ਪੁਤ੍ਰੀ ਦਾ ਮੁਖ ਬਿਨਾ ਫਤਹ ਦੇ ਹੁਣ ਪਟਿਆਲੇ ਵਲ ਨਾ ਭਵੇਂ ਜੇ ਮਰਾਂ ਤਾਂ ਸੀਸ ਅਗਲੇ ਪਾਸੇ ਹੀ ਡਿੱਗੇ, ਪਿੱਛਾਂ ਨ ਡਿੱਗੇ ਹੇ ਮਹਾਰਾਜ 'ਸੇਵਕ ਕੀ ਓੜਕ ਨਿਬਹੀ ਪ੍ਰੀਤ' ਆਪ ਦੇ ਚਰਨਾਂ ਨਾਲ ਹਮੇਸ਼ਾਂ ਹੀ ਲਿਵ ਜੁੜੀ ਰਹੀ' ਹੇ ਮਹਾਰਾਜ, "ਹਮ ਰੁਲਤੇ ਫਿਰਤੇ ਕੋਈ

ਕੋਈ ਬਾਤ ਨਾ ਪੂਛਤਾ ਸਤਿਗੁਰ ਸੰਗ ਕੀਰੇ ਹਮ ਥਾਪੇ" ਸਚੇ ਪਿਤਾ ਜੀ, ਸਾਡੇ ਬਜ਼ੁਰਗ ਤਨੋਂ ਨੰਗੇ, ਢਿਡੋਂ ਭੁਖੇ ਆਪ ਜੀ ਦੇ ਦਰਬਾਰ ਆਕੇ ਕੂਕੇ ਆਪ ਜੀ ਨੇ ਉਹਨਾਂ ਨੂੰ ਰਾਜ, ਭਾਗ, ਗੱਦੀਆਂ ਬਖਸ਼ੀਆਂ, ਆਪ ਜੀ ਨੇ ਆਪਣਾ ਘਰ ਹੀ ਸੌਂਪ ਦਿਤਾ, ਹੇ ਕਲਗੀ ਵਾਲੇ ਨਿਮਾਣਿਆਂ ਨੂੰ ਨਿਵਾਜਣ ਵਾਲੇ ਪਿਤਾ ਅਜ ਤੇਰੇ ਘਰਦੇ ਕੂਕਰ ਸੇਵਕਾਂ ਉਤੇ ਬਿਪਤਾ ਹੈ, ਅੰਗ ਸੰਗ ਹੋਕੇ ਸਹਾਇਤਾ ਕਰੋ, ਹੇ ਮਹਾਰਾਜ ਅਸੀਂ ਉਹੀ ਉਪੇਤਾਨੇ ਕੰਗਲੇ ਹਾਂ, ਜਿਹਨਾਂ ਦੀਆਂ ਬਹੂ ਬੇਟੀਆਂ ਦੀ ਲੋਕੀ ਇੱਜ਼ਤਾਂ ਨੂੰ ਹੱਥ ਪਾਉਂਦੇ ਸਨ। ਆਪ ਨੇ ਸਾਨੂੰ ਨੀਚਾਂ ਨੂੰ ਰਾਜ ਬਖਸ਼ੇ, ਲਖਾਂ ਦੀਆਂ ਬਹੂ ਬੇਟੀਆਂ ਦੀਆਂ ਇਜ਼ਤਾਂ ਸਾਡੇ ਹੱਥ ਸੌਂਪੀਆਂ ਹੇ ਮਹਾਰਾਜ, ਅਸੀਂ ਪਾਪੀ ਜੀਉੜੇ "ਖੱਤੇ ਬਹੁਤ ਕਮਾਵੰਦੇ ਕੂਛ ਅੰਤ ਨ ਪਾਰਾਵਾਰ" ਨੀਚ, ਬਿਸ਼ਟਾ ਦਿਆਂ ਕੀੜਿਆਂ ਨੇ ਆਪ ਦੇ ਸਾਰੇ ਉਪਕਾਰ ਭੁਲਾ ਦਿਤੇ ਹਨ ਆਪ ਦੀ ਸਿਕਸ਼ਾ ਨੂੰ ਛੱਡ ਦਿਤਾ ਹੈ. ਪਰ ਹੇ ਕਰੁਣਾ ਨਿਧਾਨ ਕ੍ਰਿਪਾਲੂ ਬਾਜਾਂ ਵਾਲੇ "ਜੇ ਹਉ ਭੁਲੀ ਜੇ ਹਉ ਚੁੱਕੀ ਭੀ ਮੇ ਤੇਡੀ ਕਾਂਢੀਆ" ਬਖਸ਼ੋ ਅਤੇ ਦਇਆ ਧਾਰੋ ਸਾਡੇ ਜਨਮ ਦੇ ਬੇਸ਼ਰਮਾਂ ਦੇ ਔਗੁਣਾਂ ਵਲ ਨਾ ਤਕੋ ਆਪਣਾ ਬਿਰਦੁ ਸੰਭਾਰੋ"।

ਅਰਦਾਸਾ ਕਰ, ਅਕਾਲ ਅਕਾਲ ਗਜਾਂਦੀ ਵੈਰੀਆਂ ਦੀ ਫੌਜ ਉਤੇ ਜਾ ਪਈ। ਪਟਿਆਲੇ ਦੀ ਫੌਜ ਨੇ ਬੀਬੀ ਦੀ ਬਹਾਦਰੀ ਦੇਖ ਵਧ ਵਧਕੇ ਵਾਰ ਕੀਤੇ। ਸਾਰਾ ਦਿਨ ਜੰਗ ਹੁੰਦਾ ਰਿਹਾ। ਬੀਬੀ ਦੇ ਹੇਠ ਦੇ ੪ ਘੋੜੇ ਮਰ ਗਏ ਅਤੇ ੫ ਜ਼ਖਮੀ ਹੋਏ ਪਰ ਕਲਗੀਧਰ ਦੀ ਦੁਲਾਰੀ ਸਾਰਾ ਦਿਨ ਵੈਰੀਆਂ ਵਿਚ ਤਲਵਾਰ ਵਾਹੁੰਦੀ ਫਿਰੀ, ਜਿਥੇ ਦੇਖਦੀ ਕਿ ਮਰਹਟੇ ਜਿਤ ਰਹੇ ਹਨ, ਉਥੇ ਹੀ ਝਟ ਪਹੁੰਚਦੀ ਅਤੇ ਆਪਣੀ ਸ਼ਸਤਰ ਵਿਦਿਆ ਦੇ ਕਮਾਲ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਦੀ। ਸਿਖ ਅਤੇ ਮਰਹਟਿਆਂ ਦੀ ਹਿੰਦੁਸਤਾਨ ਦੀ ਤਾਰੀਖ ਅੰਦਰ ਇਹ ਇਕੋ ਪਹਿਲੀ ਅਤੇ ਆਖਰੀ ਲੜਾਈ ਹੈ। ਜਿਸ ਵਿਚ ਮਰਹਟਿਆਂ ਦੇ ਸਰਦਾਰ ਅਨੀਰਾ ਰਾਓ ਅਤੇ ਲਛਮੀ ਰਾਓ ਵਰਗੇ ਪੁਰਾਣੇ ਤਜ਼ਰਬੇਕਾਰ ਜਰਨੈਲ ਸਨ ਅਤੇ ਦੂਸਰੇ ਪਾਸੇ

ਦੀ ਮੁਖੀ ਬੀਬੀ ਸਾਹਿਬ ਕੌਰ ਇਸਤੋਂ ਵਧ ਫੌਜ ਦਾ ਭੀ ਤਿੰਨ-ਗੁਣੇ ਦਾ ਫਰਕ ਸੀ । ਪਰ ਧੰਨ ਸੀ, ਉਹ ਕੁਖ, ਜਿਸਨੇ ਬੀਬੀ ਸਾਹਿਬ ਕੌਰ ਨੂੰ ਜਾਇਆ, ਅਤੇ ਸੁਲੱਖਣੀ ਸੀ ਉਹ ਘੜੀ ਜਿਸ ਸਮੇਂ ਬੀਬੀ ਜੀ ਦਾ ਜਨਮ ਹੋਇਆ ਖਾਲਸਾ ਕੌਮ ਨੂੰ ਫਖਰ ਹੈ ਕਿ ਇਸ ਵਿਚ ਇਕ ਐਸੀ ਬਹਾਦਰ ਬੀਬੀ ਹੋਈ ਹੈ ।

ਸ਼ਾਮ ਨੂੰ ਮਰਹਟਾ ਫੌਜ ਦੇ ਪੈਰ ਉਖੜ ਖੜੋਤੇ ਅਤੇ ਉਹ ਹਾਰ ਖਾਕੇ ਭਜ ਗਈ । ਉਹ ਮਰਹਟੇ ਸਰਦਾਰ, ਜਿਨਾਂ ਦੇ ਘੋੜੇ ਰਾਸਕੁਮਾਰੀ ਤੋਂ ਲਾਕੇ ਅਟਕ ਦਰਿਆ ਤਕ ਪਾਣੀ ਪੀਂਦੇ ਸਨ, ਬੀਬੀ ਸਾਹਿਬ ਕੌਰ ਦੀ ਸੂਰਮਗਤੀ ਦੇਖਕੇ ਦੰਗ ਰਹਿ ਗਏ ਅਤੇ ਮੁੜ ਫੇਰ ਪੰਜਾਬ ਵਲ ਮੂੰਹ ਨ ਕੀਤਾ ।

੧ ੳ ਸਤਿਗੁਰਪ੍ਰਸਾਦਿ ॥

'ਬੀਬੀ ਸਾਹਿਬ ਕੌਰ ਜੀ ਪਟਿਆਲਾ' ਜੀ ਦਾ ਰਾਣਾ ਲਛਮੀ ਰਾਉ ਮਰਹਟੇ ਨਾਲ ਯੁੱਧ !

(੧) ਸਾਹਿਬ ਸਿੰਘ ਮਹਾਰਾਜ ਸ਼ੀ ਫੂਲ ਵੰਸ਼ੋਂ,
ਕਰਦਾ ਵਿਚ ਪਟਿਆਲੇ ਦੇ ਰਾਜ ਭਾਰੀ !
ਪਰ ਸੀ ਅਕਲ ਦਾ ਤੇਜ਼ ਨਾ ਆਪ ਬਹੁਤਾ,
ਕਰਦਾ ਉਹੋ ਜੋ ਆਖਦੀ ਚਾਰ ਯਾਰੀ !
ਪਹਿਲੇ ਬਾਲ ਸੀ ਜਦੋਂ ਇਆਨੜਾ ਇਹ,
ਰਾਣੀ ਹੁਕਮਾਂ ਨੇ ਰਾਜ ਦੀ ਕਰੀ ਕਾਰੀ !
ਨਾਨੂੰ ਮਲ ਦੀਵਾਨ ਬਣਾਇ ਇਸਨੇ,
ਦਿਤੀ ਰਾਜ ਦੀ ਵਾਗ ਫੜਾ ਸਾਰੀ !

(੨) ਜਦੋਂ ਸਮੇਂ ਨੇ ਉਲਟਕੇ ਫੇਰ ਦਿਤਾ,
ਨਾਨੂੰ ਮਲ ਭੀ ਚਿੱਤੋਂ ਉਦਾਸ ਹੋਇਆ !
ਰਾਜਿੰਦਰ ਕੌਰ ਰਾਣੀ ਬੜੀ ਅਕਲ ਵਾਲੀ,
ਜਿਸਦਾ ਰਾਜ ਫਗਵਾੜੇ ਦੇ ਵਿਚ ਹੋਇਆ !
ਪਹੁੰਚੀ ਮਦਦ ਨੂੰ ਆਣਕੇ ਤੁਰਤ ਬੀਰਾ,
ਬਲ ਵੈਰੀ ਦਾ ਸਾਰਾ ਹੀ ਆਣ ਖੋਇਆ !
ਫੇਰ ਮਥਰਾ ਦੇ ਵਿਚ ਜਾ ਪਹੁੰਚੀ,
ਸੰਧਯਾ ਰਾਉ ਦੇ ਨਾਲ ਗੁਰਮਤਾ ਹੋਇਆ !

(੩) ਕਰਕੇ ਫੈਸਲਾ ਅਕਲ ਦਾ ਇਹ ਰਾਣੀ,
ਮੁੜੀ ਦੇਸ ਪਟਿਆਲੇ ਨੂੰ ਕਰੀ ਧਾਈ !
ਰਿਆਸਤ ਆਪਣੀ ਏਸ ਬਚਾ ਲੀਤੀ,
ਜੇਹੜੀ ਕੰਢੇ ਸੀ ਮੌਤ ਦੇ ਠੀਕ ਆਈ !

ਏਸ ਘਾਲ ਦਾ ਇਹਨੂੰ ਕੀ ਅਜਰ ਮਿਲਿਆ,
ਜਿੰਦ ਹੂਲ ਛਡੀ ਨਾ ਕਸਰ ਕਾਈ।
ਰਾਜੇ ਸਿਖੇ ਸਿਖਾਏ ਮੁਸਾਹਿਬਾਂ ਦੇ,
ਰਾਣੀ ਫੇਰ ਨਾ ਆਂਵਦੀ ਮੂੰਹ ਲਾਈ।
(੪) ਵਾਹ ਲਾਈ ਸੀ ਏਸ ਨੇ ਬਹੁਤ ਬੰਦੀ,
ਇਕ ਵਾਰ ਜੇ ਰਾਜੇ ਦਾ ਮੇਲ ਹੋਵੇ।
ਉਸਨੂੰ ਦਸਕੇ ਸਚ ਦੇ ਹਾਲ ਸਾਰੇ,
ਉਸਦੀ ਭੌਂਤਲੀ ਭੁਲ ਨੂੰ ਖੂਬ ਖੋਵੇ।
ਖੋਟੇ ਪਾਸ ਦੇ ਦੁਸ਼ਟ ਮੁਸਾਹਿਬਾਂ ਨੇ,
ਇਕ ਵਾਰ ਨਾ ਚਾਹਿਆ ਮੇਲ ਹੋਵੇ।
ਅੱਕ ਥੱਕਕੇ ਹਾਰਕੇ ਜਿੰਦ ਰਾਣੀ,
ਸੌਂਪ ਰਬ ਨੂੰ ਜਗਤ ਤੋਂ ਵਿਦਾ ਹੋਵੇ।
(੫) ਸੀਗੀ ਅਕਲ ਦਾ ਕੋਟ ਤੇ ਬੀਰ ਰਾਣੀ,
ਵਿਚ ਜੰਗ ਮੈਦਾਨ ਦੇ ਜਾਣ ਵਾਲੀ।
ਪੂਰੀ ਸਿੰਘਣੀ ਆਖੀਏ ਜਿਦੇ ਤਾਈਂ,
ਮਰਦਾਂ ਮਰਦਾਂ ਤੋਂ ਵਧ ਸੀ ਘਾਲ ਘਾਲੀ।
ਇਸਦੇ ਬਾਦ ਫਸਾਦ ਸੀ ਕਈ ਹੋਏ,
ਖੜਗ ਵਿਚ ਦਰਬਾਰ ਦੇ ਕਹਿਰ ਚਾਲੀ।
ਇਲਾਹੀ ਬਖਸ਼ ਨੂੰ ਕਤਲ ਕਰ ਸੁੱਟਿਆ ਸੀ,
ਕੰਬੇ ਰਾਜਾ ਭੀ ਬ੍ਰਿਛ ਦੀ ਜਿਵੇਂ ਡਾਲੀ।
(੬) ਡਰ ਜਿੰਦ ਦਾ ਜਦੋਂ ਅਸਵਾਰ ਹੋਇਆ,
ਰਾਜੇ ਸਦਿਆ ਆਪਣੀ ਭੈਣ ਤਾਈਂ।
ਸਾਹਿਬ ਕੌਰ ਸੀ ਰਾਣੀ ਦਾ ਨਾਉਂ ਚੋਖਾ,
ਫਤੇ ਗੜ੍ਹ ਦੇ ਵਿਚ ਸੀ ਰਹੇ ਭਾਈ।
ਜੋਮਲ ਸਿੰਘ ਘਨੱਯੇ ਦੀ ਨਾਰ ਪਿਆਰੀ,
ਸਚੀ ਸਿੰਘਣੀ ਅਕਲ ਦਾ ਕੋਟ ਆਹੀ।
ਪਹੁੰਚੀ ਪਾਸ ਏ ਵੀਰ ਦੇ ਕਰੇ ਦਾਰੀ,
ਵਾਗ ਰਾਜ ਦੀ ਹਥ ਦੇ ਵਿਚ ਆਈ।

(੭) ਪੇਂਦੇ ਸਾਰ ਹੀ ਦੁਸ਼ਟਾਂ ਦੀ ਸਾਰ ਲੀਤੀ,
ਨੇਕ ਨੌਕਰਾਂ ਨੂੰ ਰੱਖ ਲਿਆ ਰਾਣੀ!
ਦੰਡ ਦੋਖੀਆਂ, ਸੱਜਣਾਂ ਕਰੇ ਦਾਰੀ,
ਸੁਆਰੇ ਰਾਜ ਦੀ ਉਲਝਵੀਂ ਤੰਦ ਰਾਣੀ!
ਕਰੇ ਨਿਆਉਂ ਭੀ ਅਸਲ ਏ ਰਾਜ-ਪੁੱਤ੍ਰੀ,
ਦੁੱਧੋਂ ਵੱਖ ਕਰਦੀ ਹੰਸਾਂ ਵਾਂਗ ਪਾਣੀ!
ਈਨ ਉਨ੍ਹਾਂ ਦੇ ਤਾਈਂ ਮਨਾ ਲੀਤੀ,
ਜੇਹੜੇ ਆਕੜੇ ਬਣੇ ਸੀ ਰਾਜ ਰਾਣੀ!

(੮) ਛੇਕੜ ਖਬਰ ਆਈ ਰਾਣੀ ਸਾਹਿਬ ਕੌਰੇ,
ਤੇਰੇ ਦਿਓਰ ਨੇ ਚਾਈ ਹੈ ਅੱਤ ਭਾਰੀ!
ਜੇਮਲ ਸਿੰਘ ਨੂੰ ਕੈਦ ਉਨ ਘੱਤਿਆ ਏ,
ਛੇਤੀ ਪਹੁੰਚਕੇ ਰਾਣੀਏਂ ਕਰੀਂ ਦਾਰੀ!
ਬਿਜਲੀ ਵਾਂਗ ਇਹ ਸੁਣਦਿਆਂ ਉਠ ਨੱਸੀ,
ਕੈਦ ਪਤੀ ਦੀ ਸੱਲ ਸੀ ਬਹੁਤ ਭਾਰੀ!
ਜਾਕੇ ਜੰਗ ਮਚਾਇਆ ਸਿੰਘਣੀ ਨੇ,
ਵਿਚ ਜੰਗ ਦੇ ਕੰਮ ਏ ਕਰੇ ਕਾਰੀ!
ਲਿਆ ਪਤੀ ਛੁਡਾ, ਵਜਾ ਡੰਕੇ,
ਫੇਰ ਰਾਜ ਬਠਾਲਿਆ ਗਈ ਵਾਰੀ!

(੯) ਰਹੀ ਕੁਝ ਦਿਹਾੜੇ ਪਤੀ ਕੋਲੇ,
ਫੇਰ ਵੀਰ ਦੇ ਪਾਸ ਆ ਗਈ ਰਾਣੀ!
ਸੰਮਤ ਇੱਕ ਪੰਜਾਹ ਸੀ ਸੌ ਠਾਰਾਂ,
ਫੌਜ ਮਰਹੱਟਿਆਂ ਵਿਚ ਪੰਜਾਬ ਆਣੀ!
ਦੇਸ ਵੀਰ ਦਾ ਰੱਖਿਆ ਕਰੇ ਰਾਣੀ,
ਸੋਈ ਜੰਗ ਦੀ ਏਸ ਨੇ ਤਣੀ ਤਾਣੀ!
ਸੱਦ ਲਏ ਅਮੀਰ ਸਰਦਾਰ ਸਾਰੇ,
ਆਖੇ ਲਾਜ ਮੈਂ ਨਾਮ ਨੂੰ ਨਹੀਂ ਲਾਣੀ!

(੧੦) ਲਛਮੀ ਰਾਓ ਮਰਹੱਟਾ ਸਰਦਾਰ ਭਾਰਾ,
ਅੱਂਟਾ ਰਾਓ ਸੀ ਏਸਦੇ ਨਾਲ ਭਾਈ!

ਨਾਲ ਕਟਕਦੀ ਫੌਜ ਲੈ ਚੜ੍ਹੇ ਦੋਵੇਂ,
ਪਟਿਆਲੇ ਨੂੰ ਜਾਂਵਦੇ ਕਰੀ ਧਾਈ।
ਇਧਰੋਂ ਸ਼ੇਰਨੀ ਸ਼ੇਰਾਂ ਦੀ ਫੌਜ ਲੈਕੇ,
ਨਾਲ ਸਾਨ੍ਹਾਂ ਦੇ ਲੜਨ ਬੇਧੜਕ ਆਈ।
ਪੁਰ ਮਰਦਾਨ ਅੰਬਾਲੇ ਦੇ ਲਾਗੜੇ ਹੀ,
ਦੋਹਾਂ ਦਲਾਂ ਨੇ ਧੁੰਮੜੀ ਆਨ ਪਾਈ।

(੧੧) ਚਾਰ ਗੁਣਾਂ ਮਰਹੱਟੜੇ ਖਾਲਸੇ ਤੋਂ,
ਉਹ ਤਾਂ ਮਰਦ ਗੁਸੈਲੜੇ ਰੋਹ ਵਾਲੇ।
ਜਿਨ੍ਹਾਂ ਜੰਗ ਅਨੇਕਾਂ ਹੀ ਫਤੇ ਕੀਤੇ,
ਚਾਲੇ ਜਾਣਦੇ ਸਾਰੇ ਹੀ ਯੁੱਧ ਵਾਲੇ।
ਇਧਰ ਫੌਜ ਥੋੜੀ, ਸਿਰ ਆਹੇ ਤੀਵੀਂ,
ਜੰਗ ਕਰਦਿਆਂ ਜ਼ਿੰਦ ਦੇ ਪਏ ਲਾਲੇ।
ਵਾਂਗ ਸ਼ੇਰਾਂ ਦੇ ਹਿੰਮਤਾਂ ਕਰਨ ਭਾਵੇਂ,
ਵੈਰੀ ਤਕੜੇ ਅੱਗੇ ਨਾ ਪੇਸ਼ ਚਾਲੇ।

(੧੨) ਅੰਤ ਸ਼ੇਰਾਂ ਨੂੰ ਦਲਾਂ ਨੇ ਘੇਰ ਲੀਤਾ,
ਮੁਖ ਫੇਰ ਲੀਤਾ ਜੰਗ ਕਰਨ ਵਲੋਂ।
ਦੇਖ ਬੀਬੀ ਸੀ ਰਬ ਤੋਂ ਬਾਹਰ ਆਈ,
ਜਿਵੇਂ ਨਿਕਲੇ ਸ਼ੇਰਨੀ ਬਾਹਰ ਝੱਲੋਂ।
ਕਰਕੇ ਭੇਸ ਮਰਦਾਨੜਾ ਚੜ੍ਹੀ ਘੋੜੇ,
ਤੇਗ਼ ਚਮਕਦੀ ਆਖਦੀ ਤੁਰਤ ਠੱਲੋ।
ਪਿੱਠ ਦੇਣ ਕਿਉਂ ਲੱਗੇ ਹੋ ਜੰਗ ਮੱਠੇ,
ਸਨਮੁਖ ਵੈਰੀ ਦੇ ਸ਼ੇਰ ਦੇ ਵਾਂਗ ਚੱਲੋ।

(੧੩) ਚੱਲੇ ਘਰਾਂ ਤਾਈਂ ਨੱਕ ਨਾਲ ਲੈਕੇ?
ਛੱਡ ਵਿਚ ਮੈਦਾਨ ਦੇ ਭੈਣ ਕੱਲੀ।
ਕੇਹੜੀ ਗੱਲ ਦੇ ਸਿੰਘ ਅਖਵਾਂਵਦੇ ਹੋ,
ਮਾਰ ਡੰਗਰਾਂ ਦੀ ਨਾਹੀਂ ਮੂਲ ਝੱਲੀ।
ਸਿੰਘ ਹੋਇਕੇ ਸੁਧਾ ਪੀ ਸਤਿਗੁਰਾਂ ਦਾ,
ਕੇਹੜੀ ਗੱਲ ਬਦਲੇ ਕਾਲਖ ਮੁੱਖ ਮਲੀ।

ਜਿਉਂਦੇ ਰਹੋਗੇ ਫਿਰੋਗੇ ਦੇਸ ਜਾਕੇ,
ਹੋਵੇ ਸੁਰਖਰੂ ਦੱਸੋ ਖਾਂ ਕਿਨੀ ਗਲੀਂ!

(੧੪) ਝਕ ਦਸਵੇਂ ਗੁਰੂ ਦਾ ਸੁਧਾ ਵੀਰੋ,
ਪਿਠ ਦੇਣ ਲਗੇ ਵਾਂਗ ਕਾਇਰਾਂ ਦੇ!
ਬਾਜਾਂ ਪਾੜਨੇ ਗੁਰਾਂ ਬਣਾਏ ਸੀਗੇ,
ਤੁਸੀਂ ਉਡ ਚੱਲੇ ਵਾਂਗ ਤਾਇਰਾਂ ਦੇ!
ਦੱਸ ਲੱਖ ਨੂੰ ਮੋੜਿਆ ਚਾਲੀਆਂ ਨੇ,
ਆਹੂ ਲਾਹੇ ਸੀ ਇਕ ਨੇ ਦਾਇਰਾਂ ਦੇ!
ਕਿੱਥੇ ਗਈ ਬਹਾਦਰੀ ਉਹ ਵੀਰੋ,
ਦੇਸ ਦੇਣ ਲੱਗੇ ਹੱਥ ਗਾਇਰਾਂ ਦੇ!

(੧੫) ਜੇਕਰ ਨਹੀਂ ਮੁੜਨਾ ਤੁਸੀਂ ਪਿਠ ਦੇਣੀ,
ਕਾਲੇ ਕਰਨ ਲੱਗੇ ਨਾਮ ਵੱਡਿਆਂ ਦੇ!
ਚਰਖੇ ਵਹੁਟੀਆਂ ਪਾਸ ਜਾ ਕਤਣੇ ਨੇ,
ਬੋਲ ਪਾਲਣੇ ਨਹੀਂ ਜੇ ਸਿੱਡਿਆਂ ਦੇ!
ਮੈਂ ਨਾ ਮੁੜਾਂਗੀ ਘਰਾਂ ਨੂੰ ਯਾਦ ਰਖੋ,
ਕਹੇ ਲਗਾਂ ਨ ਜੰਗ ਨੂੰ ਛੱਡਿਆਂ ਦੇ!
ਮਰਾਂ ਕੱਲੜੀ ਵੈਰੀਆਂ ਨਾਲ ਲੜਦੀ,
ਆਹੜੀ ਹੋਵਾਂ ਨ ਮੈਂ ਹੱਥ ਟਿੱਡੀਆਂ ਦੇ!

(੧੬) ਕਿਸ ਮੂੰਹ ਦੇ ਨਾਲ ਫਿਰ ਤੁਸੀਂ ਜੀਵੋ,
ਜਿਨਾਂ ਭੈਣਾਂ ਦੀ ਰਖਿਆ ਨਹੀਂ ਕੀਤੀ!
ਛਡ ਵੈਰੀਆਂ ਪਾਸ ਇਕੱਲੜੀ ਨੂੰ,
ਜਿਨ੍ਹਾਂ ਵਹੁਟੀਆਂ ਘਰਾਂ ਦੀ ਰਾਹ ਲੀਤੀ!
ਤੀਵੀਂ ਨਾਲੋਂ ਭੀ ਹੌਂਸਲਾ ਹਾਰ ਬੈਠੇ,
ਜਿਨ੍ਹਾਂ ਸ਼ਰਮ ਹਯਾ ਹੈ ਘੋਲ ਪੀਤੀ!
ਕਹਿੰਦੇ ਜਗ ਤਾਈਂ ਲੋਕ ਫਿੱਟ ਦੇਸਣ,
ਜਦੋਂ ਸੁਨਣਗੇ ਭੈਣ ਦੀ ਹਡ ਬੀਤੀ!

(੧੭) ਆਓ, ਨਿਤਰੋ ਗੁਰੂ ਦੇ ਪੁਤਰੋ ਵੇ,
ਤੁਸੀਂ ਸ਼ੇਰ ਹੋ ਸ਼ੇਰਾਂ ਦੇ ਜਾਇਓ ਵੇ!

ਬਾਣ ਖਾਂਇਕੇ ਸ਼ੇਰ ਨੂੰ ਰੋਹ ਚੜ੍ਹਦਾ,
ਗੁਰੂ ਵਾਸਤੇ ਘਰੀਂ ਨਾ ਜਾਇਓ ਵੇ!
ਪੂਰਬੀ ਲਗੀ ਸ਼ਹੀਦੀ ਦੀ ਯੁੱਧ ਮਚਿਆ,
ਸਮਾਂ ਮੂਲ ਨਾ ਹਥੋਂ ਗਵਾਇਓ ਵੇ!
ਮੁੜ ਆਓ, ਮੁੜ ਆਓ, ਮੁੜ ਆਓ ਵੀਰੋ,
ਮੁੜ ਆਇਓ ਵੇ ਮੁੜ ਆਇਓ ਵੇ!

(੧੮) ਸੁਣਕੇ ਹੌਂਸਲੇ ਮਿਹਣੇ ਦੇ ਬਚਨ ਕਾਰੀ,
ਸਿਖ ਫੇਰ ਪਰਤੇ ਰੋਹ ਖਾਇਕੇ ਤੇ!
ਧੂਹ ਚਮਕਦੀ ਖੜਗ ਸਿਆਨ ਵਿਚੋਂ,
ਪਏ ਸ਼ੱਤਰੂ ਤੇ ਭਬਕਾਇਕੇ ਤੇ!
ਮਾਰ ਮਾਰ ਕੇ ਲਾਹ ਸਥਾਰ ਲਾਏ,
ਵੈਰੀ ਅੱਕ ਗਏ ਘਬਰਾਇਕੇ ਤੇ!
ਕਰਦੇ ਟਾਕਰਾ ਬੀਰਤਾ ਨਾਲ ਦਿਲ ਭਰ,
ਸੂਰਜ ਛੱਪਿਆ ਪਛੋਂ ਨੂੰ ਜਾਇ ਤੇ!

(੧੯) ਰਾਤੀਂ ਹੋਏ ਸਰਦਾਰ ਸਭ ਸਿਖ ਕਠੇ,
ਕਹਿੰਦੇ ਜਾਹ ਰਾਣੀ ਪਟਿਆਲੜੇ ਨੂੰ!
ਸਾਡੀ ਹਾਰ ਹੋਣੀ ਅਸੀਂ ਜਾਣਦੇ ਹਾਂ,
ਸਦਾ ਹਾਰ ਹੁੰਦੀ ਥਾਟੇ ਵਾਲੜੇ ਨੂੰ!
ਤੁਸੀਂ ਤੀਵੀਂ ਹੋ ਘਰਾਂ ਨੂੰ ਚਲੋ ਪਹਿਲੇ,
ਸਾਂਭ ਲਵੋ ਦੌਲਤ ਅਤੇ ਮਾਲੜੇ ਨੂੰ!
ਰਾਣੀ ਆਖਦੀ ਘਰੀਂ ਨਾ ਮੈਂ ਜਾਣਾ,
ਧ੍ਰਿਗ ਜੰਗ ਵਿਚੋਂ ਭਜੇਣ ਵਾਲੜੇ ਨੂੰ!

(੨੦) ਮੈਂ ਤਾਂ ਮੂਲ ਨਾਂ ਮੰਨਾਂਗੀ ਕਿਹਾ ਤੁਹਾਡਾ,
ਮੰਨੋ ਮੇਰਾ ਤਾਂ ਜਿਤ ਹੋ ਜਾਇ ਵੀਰੋ!
ਵੈਰੀ ਅਕੇ ਤੇ ਥਕੇ ਹਨ ਅਤਿ ਭਾਰੇ,
ਚਲੋ ਸੁਤਿਆਂ ਦਾ ਚਲ ਦਲ ਚੀਰੋ!
ਛਾਪਾ ਮਾਰਕੇ ਪਾਰ ਬੁਲਾ ਦੇਵੋ,
ਜਿਤ ਲਓ ਜੇ ਰਾਤ ਵਿਚ ਰਹੋ ਧੀਰੋ!

ਸੁਣਕੇ ਸਭ ਸਰਦਾਰ ਤਯਾਰ ਹੋਏ [illegible]
ਕਹਿੰਦੇ ਖਾਲਸਾ ਚਲ਼ੋ [illegible]

(੨੧) ਰਾਣੀ ਫੌਜ ਤਿਆਰ [illegible]
ਧਾਵਾ ਰਾਤ ਨੂੰ [illegible]
ਸਿੰਘਾਂ ਹਫਲਾਂ ਤੱਫਲੀ [illegible]
ਵੈਰੀ ਅਚਨਚੇਤ [illegible]
ਚਲੀ ਖੜਗ ਤੇ ਖੜ [illegible]
ਵੈਰੀ ਮਾਰ [illegible]
ਅੰਤ ਉੱਠ ਨੱਸੇ [illegible]
ਜਿਵੇਂ ਭੇਡ [illegible]

(੨੨ ਰਾਣੀ ਫਤੇ ਪਾਈ [illegible]
ਚਲੀ [illegible]
ਦੇਵੇ ਬਹੁਤ [illegible]
ਖੁਸ਼ੀ [illegible]
ਕਰੇ ਸ਼ੁਕਰ [illegible]
[illegible]
ਲੋਕੀਂ [illegible] ਰਾਣੀ [illegible]
[illegible]

(੨੩) [illegible]
[illegible]
ਸਾਕੇ [illegible]
[illegible]
[illegible]
[illegible]
[illegible]
[illegible]
[illegible]
ਕਈ ਵਾਰ ਗਰਕ ਹੋਣ ਤੋਂ ਬਚਾਯਾ, [illegible], ਮਹਾਂ [illegible], ਜੋ ਕਿਸੇ

ਪੰਥ ਦਰਦੀ ਇਤਿਹਾਸਕਾਰ ਨੇ ਇਸ ਸੂਰਮੀ ਬੀਬੀ ਦਾ ਜੀਵਨ ਬ੍ਰਿਤਾਂਤ ਭੀ ਅਜੇ ਤਕ ਨਹੀਂ ਲਿਖਿਆ, ਚੀਫਸ ਆਫ ਦੀ ਪੰਜਾਬ ਵਿਚ ਗ੍ਰਿਫਨ ਸਾਹਿਬ ਨੇ ਇਸ ਬੀਬੀ ਦੇ ਕਾਰਨਾਮਿਆਂ ਦੀ ਬਹੁਤ ਹੀ ਸ਼ਲਾਘਾ ਕੀਤੀ ਹੈ, ਬੀਬੀ ਸਾਹਿਬਕੌਰ ਦੇ ਕਾਰਨਾਮੇ ਅਤਿਅੰਤ ਹਨ। ਨਾਹਨ ਦੇ ਰਾਜੇ ਨੂੰ ਇਸ ਬੀਬੀ ਨੇ ਮੁੜ ਰਾਜ ਦਵਾਯਾ ਹਜ਼ਾਰਾਂ ਹੀ ਹੋਰ ਪਰਉਪਕਾਰ ਕੀਤੇ, ਸਾਰੀ ਉਮਰ ਹੀ ਲਗ ਭਗ ਲੜਾਈਆਂ ਵਿਚ ਗੁਜ਼ਾਰੀ, ਇਹ ਬੀਬੀ ਬੜੀ ਗੁਰਮੁਖ ਨਿਤਨੇਮ ਦੀ ਪਕੀ, ਸਿਖੀ ਵਿਚ ਨਿਪੁੰਨ, ਦਿਆਲੂ ਅਤੇ ਬਹਾਦਰ ਸੀ। ਇਕ ਵਾਰ ਕੁੰਭ ਦੇ ਮੇਲੇ ਉਤੇ ਨਾਂਗੇ ਬੈਰਾਗੀਆਂ ਸਾਧੂਆਂ ਨੇ ਉਦਾਸੀਆਂ ਨੂੰ ਬਹੁਤ ਮਾਰਿਆ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ, ਬੀਬੀ ਨੂੰ ਇਸ ਗਲ ਦਾ ਪਤਾ ਲਗਾ ਝਟ ਹੀ ੪੦ ਯਾ ੫੦ ਸਿੰਘਾਂ ਦਾ ਜਥਾ ਲੈਕੇ ਪਹੁੰਚਕੇ ਕਤਲਾਮ ਸ਼ੁਰੂ ਕਰ ਦਿਤਾ ਅਤੇ ਓਹ ਕਰੜੀ ਸਜ਼ਾ ਦਿਤੀ ਕਿ ਉਨਾਂ ਨੂੰ ਨਾਨੀ ਯਾਦ ਆ ਗਈ ਮੁੜ ਇਹ ਬੀਬੀ ਖੁਦ ਭੀ ਪਟਿਆਲੇ ਉਤੇ ਰਾਜ ਕਰਦੀ ਰਹੀ ਇਹ ਬੀਬੀ ਵਿਦਿਆਦੀ ਬੜੀਚਾਹਵਾਨਸੀਅਤੇਵਿਦਵਾਨਾਂਦੀ ਬੜੀ ਹੀ ਕਦਰ ਕਰਦੀ ਸੀ, ਬਰਨਾਲੇ ਕਈ ਪੰਡਿਤਾਂ ਨੂੰ ਬੁਲਾਕੇ ਕਥਾਂ ਆਰੰਭ ਕਰਵਾਈਆਂ, ਅਤੇ ਪੰਡਿਤਾਂ ਤੋਂ ਚੋਰੀਕਨਾਤਾਂ ਅੰਦਰ 'ਜੋਗ ਵਸ਼ਿਸ਼ਟ' ਆਦਿਕਈਪੁਸਤਕਾਂਦੇਉਲਥੇਪੰਜਾਬੀਜ਼ਬਾਨਵਿਚਕਰਾਏ।

ਮਹਾਰਾਜਾ ਰਣਜੀਤ ਸਿੰਘ ਦੀ ਸੱਸ ਸਦਾਕ ਕੌਰ, ਮਹਾਰਾਣੀ ਦਾਤਾਰ ਕੌਰ ਅਤੇ ਮਹਾਰਾਣੀ ਜਿੰਦਾਂ ਲਾਹੌਰ ਦਰਬਾਰ ਅੰਦਰ ਬੜੀਆਂ ਹੀ ਚਤੁਰ ਇਸਤ੍ਰੀਆਂ ਹੋਈਆਂ ਹਨ, ਹੋਰ ਅਨੇਕਾਂ ਹੀ ਬ੍ਰਿਤਾਂਤ ਹਨ। ਸਿਖ ਸਾਹਿਤਅਤੇ ਸਿਖ ਇਤਹਾਸ ਇਸਤ੍ਰੀਆਂ ਦੇ ਜੀਵਨਾਂ ਨਾਲ ਭਰਿਆ ਪਿਆ ਹੈ, ਸਿਖ ਇਸਤ੍ਰੀਆਂ ਨੇ ਯੁਧ ਲੜੇ ਰਾਜ ਕੀਤੇ ਅਤੇ ਵਿਦਵਾਨ ਹੋਈਆਂ ਅਤੇ ਧਰਮ ਪਾਲਿਆ, ਇਸ ਸਮੇਂ ਸਖਤ ਜ਼ਰੂਰਤ ਹੈ, ਕਿ ਕੋਈ ਵਿਦਵਾਨ ਲਿਖਾਰੀ ਵੀਰ ਭੈਣ ਉਹਨਾਂ ਸਿਖ ਇਸਤ੍ਰੀਆਂ ਦੇ ਆਦਰਸ਼ ਜੀਵਨ ਲਿਖੇ, ਜਿਹਨਾਂ ਦਾ ਜ਼ਿਕਰ ਸਿਖ ਸਾਹਿਤਯ ਅਤੇਤ੍ਵਾਰੀਖਵਿਚ ਆਂਵਦਾ ਹੈ।

ਦਾਸ ਐਸੇ ਵੀਰ ਭੈਣ ਲਿਖਾਰੀ ਸਜਣ ਨੂੰ ਹਰ ਪ੍ਰਕਾਰ ਦੀ ਮਦਦ ਦੇਣ ਨੂੰ ਤਿਆਰ ਹੈ, ਵਾਹਿਗੁਰੂ ਕਰੇ ਕਿਇਹਕੰਮਛੇਤੀਤੋਂਛੇਤੀਸਿਰੇਚੜ੍ਹੇ।

ਭਾਗ ੨

"ਸਿੱਖ ਬੀਬੀਆਂ ਦੀ ਵਿੱਦਯਾ"

ਭੂਮਕਾ

ਅੰਗ੍ਰੇਜ਼ਾਂ ਦੇ ਪੰਜਾਬ ਨੂੰ ਅਧੀਨ ਕਰਨ ਤੋਂ ਪਿਛੋਂ ਖਾਲਸਾ ਪੰਥ ਦੀ ਇਸਤ੍ਰੀ ਜਾਤੀ ਨੂੰ ਵਿੱਦਯਾ ਦੇਣ ਲਈ ਸਭ ਨਾਲੋਂ ਪਹਿਲਾਂ ਬੀੜਾ ਚੁੱਕਣ ਦਾ ਸੇਹਰਾ ਬਾਬਾ ਖੇਮ ਸਿੰਘ ਜੀ ਬੇਦੀ ਦੇ ਸਿਰ ਬੰਨ੍ਹਿਆ ਗਿਆ ਹੈ, ਇਹ ਮਾਨਨੀਯ ਮਹਾਂ ਪੁਰਸ਼ ਬਾਬਾ ਸਾਹਿਬ ਸਿੰਘ ਜੀ ਦੇ ਪੋਤ੍ਰੇ ਸਨ। ਗੁਰਮੁਖੀ ਵਿੱਦਯਾ ਪ੍ਰਚਾਰ ਦੇ ਬੜੇ ਹੀ ਹਾਮੀ ਸਨ, ਜੀਵਨ ਕਥਾ ਨਾ ਛਪਣ ਕਰਕੇ ਬਹੁਤ ਸਾਰੇ ਹਾਲ ਹਨੇਰੇ ਵਿਚ ਹੀ ਰੁਲ, [illegible] ਰੀਪੋਰਟਾਂ ਵਿਚ ਲਿਖਿਆ ਹੈ, ਕਿ ਬੇਦੀ ਜੀ ਦੀ ਨਿਗਰਾਨੀ ਹੇਠ ੮੦ ਯਾ ੯੦ ਕੰਨਿਆਂ ਪਾਠਸ਼ਾਲਾ ਬੀਬੀਆਂ ਦੀ ' ਵਿੱਦਯਾ ਲਈ ਚਲ ਰਹੀਆਂ ਸਨ, ਮੈਨੂੰ [illegible] ਹੈ ਕਿ ਭਾਈ [illegible] ਸਿੰਘ [illegible] ਹੀਰੀਏਦੇ ਕਹਿਣ ਉਤੇ ਬੇਦੀ ਜੀ ਨੇ ਪਚਾਸ ਹਜ਼ਾਰ ਰੁਪਇਆ ਇਹਨਾਂ ਪਾਠਸ਼ਾਲਾਂ ਉੱਤੇ ਹੀ ਖਰਚ ਕੀਤਾ ਅਤੇ ਖਾਲਸਾ ਕਾਲਜ ਫੰਡ ਲਈ ਕੋਈ ਖਾਸ ਨਿਗਰ ਸਹਾਇਤਾ ਨਾ ਦਿਤੀ, ਕਿਉਂ ਜੋ ਆਪ ਪੱਛਮੀ ਵਿਦਿਆ ਦੇ ਹਾਮੀ ਨਹੀਂ ਸੇ ਅਤੇ ਦੂਸਰੇ ਮਿਤ੍ਰਚਾਰੀ ਅਤੇ ਪਾਰਟੀ ਬਾਜ਼ੀ ਦਾ ਸਵਾਲ ਭੀ ਸੀ। ਆਪ ਜੀ ਨੇ ਸਦਾ ਹੀ ਆਪਣੇ ਪਰਮ-ਸਨੇਹੀ ਮਿਤ੍ਰ ਮਹਾਰਾਜ ਬਿਕ੍ਰਮ ਸਿੰਘ ਜੀ ਫਰੀਦ ਕੋਟ ਵਾਲਿਆਂ ਦਾ ਸਾਥ ਦਿਤਾ। ਬੇਦੀ ਜੀ ਦੀ ਮੌਤ ਤੋਂ ਪਿਛੋਂ ਉਹ ਸਿਲਸਿਲਾ ਬੰਦ ਹੋਗਿਆ ਅਤੇ ਸਭ ਪਾਠਸ਼ਾਲਾਂ ਟੁਟ ਗਈਆਂ, ਬੇਦੀ ਜੀ ਦਾ ਲਾਇਆ ਹੋਇਆ ਇਹ ਕੋਮਲ ਬੂਟਾ ਸੁਕ ਗਿਆ ਅਤੇ ਬਗੈਰ ਸਰਕਾਰੀ ਰਪੋਰਟ ਤੋਂ ਹੁਣ ਕਿਸ ਨੂੰ ਜ਼ਬਾਨੀ ਯਾਦ ਤਕ ਭੀ ਨਹੀਂ ਕਿ ਬੇਦੀ ਜੀ ਨੇ ਖਾਲਸਾ ਇਸਤ੍ਰੀ ਜਾਤੀ ਦੀ ਇਤਨੀ ਨਿਗਰ ਸੇਵਾ ਕੀਤੀ ਹੈ.........................N.P.

ਇਸ ਤੋਂ ਪਿਛੋਂ ੧੯੯੦ ਅੰਦਰ ਫੀਰੋਜ ਪੁਰ ਜ਼ਿੰਦਾ ਸ਼ਹੀਦ, ਸਿਰ ਲੱਥ ਸੇਵਕ ਭਾਈ ਤਖਤ ਸਿੰਘਜੀਨੇ ਮਹੱਲਾ ਸੋਢੀਆਂ ਅੰਦਰ ਇਕ ਸ਼ਾਮਲਾਤਥੜੇ ਉਤੇ ਬੈਠਮਰਜੀਉੜਾਬਣਕੇਪਹਿਲੇਦਿਨਦੋਬੀਬੀਆਂ

PAGINATION INCORRECT

ਨੂੰ ਵਰਨਮਾਲਾ ਪੜ੍ਹਾਈ, ਬਾਬਾ ਖੇਮ ਸਿੰਘ ਜੀ ਹੁਰਾਂ ਬੀਜ ਬੋਇਆ, ਪਰ ਕਈ ਕਾਰਨਾਂ ਕਰਕੇ ਇਸਬੀਜ ਦੀਜੀਵਨੀ ਸ਼ਕਤੀ ਜਲਦੀ ਹੀ ਨਸ਼ਟ ਹੋਗਈ, ਭਾਈ ਤਖਤ ਸਿੰਘ ਜੀਫੇਰਤੋਂ ਆਪਣੀ ਰੱਤ ਨਾਲ ਸਿੰਜ ਕੇ ਬੂਟੇ ਵਿਚ ਜਾਨ ਪਾਈ ਅਤੇ ਹਰਾ ਕੀਤਾ ਮਲਵੇ ਦੇਸ਼ ਅੰਦਰ ਅਤੇ ਖਾਸ ਕਰਕੇ ਫੀਰੋਜ਼ ਪੁਰ ਅੰਦਰ ਇਸਤ੍ਰੀ ਜਾਤੀ ਨੂੰ ਵਿੱਦਜਾ ਦੇਣ ਦਾ ਸਕੂਲ ਖੋਹਲਣਾ ਇਕ ਅਣਹੋਣੀ ਅਤੇ ਨਾਂ ਸਿਰੇ ਚੜ੍ਹਨ ਵਾਲੀ ਗੱਲ ਪ੍ਰਤੀਤ ਹੁੰਦੀ ਸੀ ਧੰਨ ਹਨ ਗੁਰਸਿਖ ਅਤੇ ਉਨਾਂ ਦਾ ਸਿਦਕ, ਭਾਈ ਸਾਹਿਬ ਹੁਰਾਂ ਮੁਸੀਬਤਾਂ ਦੀਆਂ ਚਰਖੜੀਆਂ ਚੜ੍ਹਦੇ ਆਪਣਾ ਕਰਤਵਯ ਪਾਲਿਆ ਅਤੇ ਅਜ ੪੦ ਸਾਲ ਪਿਛੋਂ ਉਹੀ ਪਾਠਸ਼ਾਲਾ, ਜਿਸਦੀ ਬੁਨਿਆਦ ਇਕ ਲਵਾਰਸ ਥੜੇ ਉਤੇ ਬੈਠਕੇ ਰਖੀ ਗਈ ਸੀ, ਸਿਖਾਂ ਅੰਦਰ ਸਿਖ ਕੰਨਿਆਂ ਮਹਾਂ ਵਿਦਿਆਲਯ ਦੇ ਨਾਮ ਤੇ ਮਸ਼ਹੂਰ ਹੈ।

ਨੋਟ—ਅਫਸੋਸ ਹੈ ਕਿ ਮੈਂ ਖਾਲਸਾ ਇਸਤ੍ਰੀਆਂ ਦੀ ਵਿਦਜਾ ਦੀ ਸਿਲਸਿਲੇ ਵਾਰ ਤਾਰੀਖ਼ ਨਹੀਂ ਦੇ ਸਕਦਾ। ਮੈਂ ੨੦ ਤੋਂ ਉਪਰ ਪਾਠਸ਼ਾਲਾਂ ਦੇ ਮੈਨੇਜਰਾਂ ਨੂੰ ਚਿਠੀਆਂ ਲਿਖੀਆਂ ਸਨ, ਪਰ ਹੁਣ ਤਕ ੨ ਸਾਲ ਹੋ ਗਏ ਹਨ, ਕੋਈ ਜਵਾਬ ਨਹੀਂ ਆਇਆ। ਪਾਠਕ ਜਨ ਸੋਚ ਲੈਣ, ਕਿ ਇਸ ਵਿਚ ਲੇਖਕ ਦਾ ਕਿਤਨਾਕੁ ਕਸੂਰ ਹੈ।

[illegible] ਅਜਕਲ੍ਹ ਸਿਖ ਲੜਕੀਆਂ ਦੇ ਵਿਦਿਆ ਪ੍ਰਾਪਤ ਕਰਨ ਲਈ [illegible] (ਸਿਖ ਕੰਨਿਆ ਮਹਾਂ ਵਿਦਿਆਲਯ ਫੀਰੋਜ਼ਪੁਰ) [illegible] ਪਾਠਸ਼ਾਲਾ (ਜਿਨਾ ਵਿਚੋਂ ਜਸਪਾਲੋਂ, ਸਿਧਵਾਂ, ਕੇਰੋਂ, [illegible], [illegible], ਰਾਵਲਪਿੰਡੀ ਅਤੇ ਜੰਮੂ ਸਿਆਲਕੋਟ ਮਸ਼ਹੂਰ [illegible] ਅਤੇ [illegible] ਪਾਠਸ਼ਾਲਾਂ ਹਨ। ਇਨਾਂ ਸਕੂਲਾਂ ਅੰਦਰ [illegible] ਵਿੱਦਜਾ ਦੀ [illegible] ਹੈ। ਸਰਕਾਰ [illegible] ਇਨਾਂ [illegible] ਨੂੰ [illegible] ਮਦਦ [illegible] ਅਤੇ [illegible]

"ਗੁਰੂ ਨਾਨਕ ਵਿਦਿਆ ਭੰਡਾਰ" ਦੀਆਂ ਕਮੇਟੀਆਂ ਭੀ, ਇਹਨਾਂ ਸਕੂਲਾਂ ਨੂੰ ਮਦਦ ਦਿੰਦੀਆਂ ਹਨ ਪਰ ਫੇਰ ਭੀ ਇਹਨਾਂ ਵਿਚੋਂ ਬਹੁਤ ਸਾਰੇ ਸਕੂਲਾਂ ਦੀ ਮਾਲੀ ਹਾਲਤ ਬਹੁਤ ਭੈੜੀ ਹੈ।

ਇਹ ਸਕੂਲ ਪਹਿਲਾਂ ੨ ਲੋਕਲ (ਸਥਾਨਕ) ਸਿੰਘ ਸਭਾ ਯਾ ਕਿਸੇ ਦੀਵਾਨ ਦੀ ਛਤਰ ਛਾਇਆ ਹੇਠ ਖੁਲਦੇ ਰਹੇ, ਦੀਵਾਨਾਂ ਅਤੇ ਸਭਾਵਾਂ ਦੀ ਫੁੱਟ ਦੇ ਕਾਰਨ ਹਮੇਸ਼ਾਂ ਸਕੂਲਾਂ ਦੇ ਵਿਰੋਧੀ ਪੈਦਾ ਹੁੰਦੇ ਰਹੇ, ਸਕੂਲਾਂ ਦੇ ਪ੍ਰਬੰਧ ਆਦਿ ਦੀ ਆੜ ਵਿਚ ਲੋਕ ਇਕ ਦੂਜੇ ਨੂੰ ਬਦਨਾਮ ਕਰਕੇ ਸਕੂਲਾਂ ਨੂੰ ਹੀ ਬੜਾ ਸਖਤ ਨੁਕਸਾਨ ਪਹੁੰਚਾਂਦੇ ਰਹੇ ਹਨ ਪਰ ਈਸ਼੍ਵਰ ਦੀ ਕੁਦਰਤ ਹੀ ਐਸੀ ਹੈ, ਕਿ ਲੜਕੀਆਂ ਦੇ ਸਕੂਲ ਸਹਿਕਦੇ ਸਹਿਕਦੇ, ਟੁਟਦੇ ਟੁਟਦੇ, ਅੰਤ ਕੰਢੇ ਹੋ ਹਿਚਕੀਆਂ ਲੈਂਦੇ, ਢੈਂਹਦੇ, ਡਿਗਦੇ, ਉਠਦੇ ਚਲੇ ਹੀ ਜਾ ਰਹੇ ਹਨ। ਸਕੂਲਾਂ ਨੂੰ ਯਾ ਤਾਂ ਕਮੇਟੀਆਂ ਚਲਾਂਦੀਆਂ ਹਨ ਯਾ ਕੋਈ ਇਕ ਆਦਮੀ, ਪਰ ਸ਼ੋਕ ਹੈ, ਕਿ ਇਹਨਾਂ ਕਮੇਟੀਆਂ ਅੰਦਰ ਕੋਈ ਇਸਤ੍ਰੀ ਸ਼ਾਮਲ ਨਹੀਂ, ਦੀਵਾਨਾਂ ਦੀ ਫੁੱਟ, ਕਮੇਟੀਆਂ ਦਾ ਦ੍ਵੈਖ ਅਤੇ ਆਪਸ ਦੀ ਦੁਸ਼ਮਣੀ ਦਾ ਸਿੱਟਾ ਇਹ ਨਿਕਲਦਾ ਹੈ, ਕਿ ਲੜਕੀਆਂ ਦੇ ਸਕੂਲਾਂ ਨੂੰ ਸਹਾਇਤਾ ਮਿਲਨੀ ਬੰਦ ਹੋ ਜਾਂਦੀ ਹੈ ਚਾਰ ਪੰਜ ਸਾਲ ਹੋਏ, ਕਿ ਪੜ੍ਹੀਆਂ ਲਿਖੀਆਂ ਸਿਖ ਨੌਜਵਾਨ ਲੜਕੀਆਂ ਨੇ ਇਕ ਜਥਾ ਤਿਆਰ ਕੀਤਾ ਸੀ, ਜਿਸ ਦਾ ਮੰਤਵ ਚਲ ਰਹੇ ਸਕੂਲਾਂ ਨੂੰ ਮਦਦ ਦੇਣਾ ਅਤੇ ਸੁਧਾਰ ਦਾ ਸੀ, ਉਸਦਾ ਸਿੱਟਾ ਅੱਜ ਤਕ ਕੁਛ ਨਹੀਂ ਨਿਕਲਿਆ, ਮੈਂ ਕਈ ਇਸਤ੍ਰੀਆਂ ਨੂੰ ਕਹਿੰਦੇ ਸੁਣਿਆ ਹੈ, ਕਿ ਇਸ ਕੰਮ ਵਿਚ ਮਰਦ ਉਹਨਾਂ ਦੀ ਮਦਦ ਨਹੀਂ ਕਰਦੇ, ਇਹ ਕਹਿਣਾ, ਬਿਲਕੁਲ ਹੀ ਅਯਾਣਪਣ ਅਤੇ ਬੇ-ਸਮਝੀ ਹੈ, ਜੇ ਗਹੁ ਨਾਲ ਦੇਖੀਏ, ਤਾਂ ਪਤਾ ਲਗਦਾ ਹੈ ਕਿ ਸਿਖ (ਮਰਦਾਂ) ਨੇ ਜੋ ਕੁਛ ਖਾਲਸਾ ਇਸਤ੍ਰੀਆਂ ਦੇ ਸੁਧਾਰ ਅਤੇ ਉਹਨਾਂ ਦੀ ਵਿੱਦਯਾ ਲਈ ਸੇਵਾ ਕੀਤੀ, ਅਤੇ ਧਨ ਖਰਚਿਆ, ਪੰਜਾਬ ਦੀ ਹੋਰ ਕਿਸੇ ਕੌਮ ਨੇ ਨਹੀਂ ਕੀਤਾ। ਸਿੱਖਾਂ ਅੰਦਰ ਭਾਈ ਤਖਤ ਸਿੰਘ ਫੀਰੋਜ਼ਪੁਰ, ਭਾਈ ਨਿਹਾਲ ਸਿੰਘ ਕੇਰੋਂ, ਭਾਈ ਨਰੈਣ ਸਿੰਘ ਸਿਧਵਾਂ, ਭਾਈ ਰੰਜੀਤ ਸਿੰਘ ਜਸਪਾਲੋਂ,

ਬਾਬੂ ਤੇਜਾ ਸਿੰਘ ਭਸੌੜ, ਸਰਦਾਰ ਮੇਹਰ ਸਿੰਘ ਚਾਵਲਾ ਲਾਹੌਰ, ਸਰਦਾਰ ਹਾਕਮ ਸਿੰਘ ਜ਼ਿਲੇਦਾਰ, ਭਾਈ ਮੰਗਲ ਸਿੰਘ ਰਈਸ ਬੱਸੀਆਂ ਅਤੇ ਹੋਰ ਅਨੇਕਾਂ ਹੀ ਸਜਣਾਂ ਨੇ ਖਾਲਸਾ ਇਸਤ੍ਰੀ ਜਾਤੀ ਦੀ ਬੜੀ ਭਾਰੀ ਸੇਵਾ ਕੀਤੀ ਹੈ ਅਤੇ ਕਰ ਰਹੇ ਹਨ। ਸਿਖ ਇਸਤ੍ਰੀਆਂ ਨੇ ਪੜ੍ਹ ਲਿਖਕੇ ਆਪਣੇ ਆਪ ਨੂੰ ਨਿਕੰਮਾਂ ਅਤੇ ਫੈਸ਼ਨ-ਮੁਜਬ ਜ਼ਾਹਰ ਕੀਤਾ ਹੈ, ਮੈਂ ਤਾਂ ਇਹ ਕਹਿਣੋਂ ਭੀ ਨਹੀਂ ਟਲਾਂਗਾ, ਕਿ ਪੜ੍ਹੀਆਂ ਲਿਖੀਆਂ ਸਿਖ ਇਸਤ੍ਰੀਆਂ ਬੜੀਆਂ ਹੀ ਕ੍ਰਿਤਘਣ ਅਤੇ ਨਾ-ਸ਼ੁਕਰ ਗੁਜ਼ਾਰ ਹਨ, ਉਹਨਾਂ ਨੇ ਕਦੇ ਭੀ ਉਕਤ ਆਪਣੇ ਪੰਥ ਸੇਵਕਾਂ ਦਾ ਹੌਂਸਲਾ ਨਹੀਂ ਵਧਾਇਆ ਅਤੇ ਨਾ ਹੀ ਕਿਸੇ ਨੇ ਅਜ ਤਕ ਕਿਸੇ ਸੇਵਕ ਬੀਬੀ ਅਤੇ ਭਾਈ ਦੀ ਜੀਵਨ ਕਥਾ ਹੀ ਲਿਖਣ ਦਾ ਹੌਂਸਲਾ ਕੀਤਾ ਹੈ, ਖਾਲਸਾ ਇਸਤ੍ਰੀ ਜਾਤੀ ਦੀ ਮਸ਼ਹੂਰ ਸੇਵਕ ਬੀਬੀ ਹਰਨਾਮ ਕੌਰ ਜੀ ਫੀਰੋਜ਼ ਪੁਰ ਦਾ ਜੀਵਨ ਭਾਈ ਕਰਮ ਸਿੰਘ ਜੀ ਪ੍ਰਸਿਧ ਹਿਸਟੋਰੀਅਨ ਅਤੇ ਸੰਤ ਸੂਰਤ ਸਿੰਘ ਹੁਰਾਂ ਹੀ ਲਿਖਿਆ ਹੈ ਇਹਨਾਂ ਗੱਲਾਂ ਦੇ ਹੁੰਦਿਆਂ ਹੋਇਆਂ ਭੀ ਜੇ ਕੋਈ ਇਸਤ੍ਰੀ ਇਹ ਕਹੇ "ਕਿ ਮਰਦਾਂ ਨੇ ਇਸਤ੍ਰੀਆਂ ਲਈ ਕੁਝ ਨਹੀਂ ਕੀਤਾ" ਤਾਂ ਮੇਰਾ ਖਿਆਲ ਹੈ ਕਿ ਉਸਨੂੰ ਉਲੂ ਵਾਂਕਰ ਸਦਾ ਅਨ੍ਹੇਰਾ ਹੀ ਦਿਖਾਈ ਦਿੰਦਾ ਹੈ।

ਸਿਖਾਂ ਦੀਆਂ ਕਮੇਟੀਆਂ ਅੰਦਰ ਬਹੁਤ ਜਲਦੀ ਫੁਟ ਪੈ ਜਾਂਦੀ ਹੈ ਅਤੇ ਕਿਸੇ ਇਕੱਲੇ ਆਦਮੀ ਦਾ ਸਕੂਲ ਨੂੰ ਚਲਾਉਣਾ ਬਹੁਤ ਮੁਸ਼ਕਲ ਹੈ, ਚਾਰੇ ਪਾਸਿਓਂ ਲੋਕਾਂ ਦੇ ਤਾਹਨੇ, ਮਿਹਣੇ, ਮਲਾਮਤਾਂ ਝਲਣੀਆਂ ਪੈਂਦੀਆਂ ਹਨ, ਇਨਾਂ ਗਲਾਂ ਨੂੰ ਛਡਕੇ ਦੁਨੀਆਂ ਅੰਦਰ ਚਾਹੇ ਕੋਈ ਪੁਰਸ਼ ਕਿਤਨਾਂ ਹੀ ਸੱਚਾ, ਈਮਾਨਦਾਰ ਅਤੇ ਨੇਕਨੀਯਤ ਹੋਵੇ, ਭੰਡਣ ਵਾਲੇ ਉਸਨੂੰ ਸਵਾਰਥੀ ਹੀ ਆਖਦੇ ਹਨ, ਕਈ ਆਦਮੀ ਤਾਂ ਦੁਨੀਆਂ ਅੰਦਰ ਆਪਣੀਆਂ ਮਨਬਾਸ਼ਨਾਂ ਅਤੇ ਨੀਚਰਤੀਆਂ ਦੇ ਅਧੀਨ ਹੋਕੇ ਭਲੇ ਪੁਰਸ਼ਾਂ ਨੂੰ ਭੰਡਣਾ ਆਪਣਾ ਮੁਖ ਮੰਤਵ ਹੀ ਸਮਝਦੇ ਹਨ ਇਸ ਕਿਸਮ ਦੇ ਆਦਮੀਆਂ ਦੀ ਵਿਰੋਧਤਾ ਕਿਸੇ ਅਸੂਲ ਕਰਕੇ ਨਹੀਂ ਹੁੰਦੀ, ਸਗੋਂ ਓਹ ਆਪਣੇ ਸੁਭਾਵ ਅਨੁਸਾਰ ਹੀ ਐਸਾ ਕਰਨਲਈਮਜ਼ਬੂਰਹਨ।

ਭਰਥਰੀ ਜੀ ਲਿਖਦੇ ਹਨ ਕਿ ਸਤੋਗੁਣੀ ਪੁਰਸ਼ਾਂ ਦੀ ਬਗੈਰ ਕਿਸੇ ਵੈਰ ਵਿਰੋਧ ਦੇ ਨਿੰਦਾ ਕਰਨੀ ਕਨਿਸ਼ਟ ਅਤੇ ਪਾਪੀ ਪੁਰਸ਼ਾਂ ਦਾ ਇਕ ਕੁਦਰਤੀ ਸੁਭਾਵ ਹੈ, ਪਾਪੀ ਪੁਰਸ਼ ਆਪਣੀ ਨੀਚ ਪ੍ਰਕ੍ਰਿਤੀ ਦੇ ਅਧੀਨ ਹੋਕੇ ਬਿਨਾਂ ਕਿਸੇ ਕਾਰਨ ਯਾ ਨਤੀਜੇ ਦੇ ਪਾਪ ਕਮਾਂਦੇ ਹਨ, ਇਸਦਾ ਉਹ ਬੜਾ ਹੀ ਸੋਹਣਾ ਦ੍ਰਿਸ਼ਟਾਂਤ ਦਿੰਦੇ ਹਨ ਕਹਿੰਦੇ ਹਨ, 'ਕਿ ਦਸੋ, ਡੂੰਘੇ ਜਲ ਅੰਦਰ ਰਹਿਣ ਵਾਲੀ ਮਛਲੀ ਨੇ, ਜਿਹੜੀ ਕਿ ਆਦਮੀ ਦੇ ਪਰਛਾਵੇਂ ਤੋਂ ਭੀ ਡਰਦੀ ਹੈ, ਮਾਛੀ ਦਾ ਕੀ ਵਿਗਾੜਿਆ ਹੈ, ਜੋ ਉਸ ਵਿਚਾਰੀ ਨੂੰ ਕੁੰਡੀ ਵਿਚ ਫਸਾਕੇ ਤੜਫਾ ਤੜਫਾਕੇ ਮਾਰਦਾ ਹੈ। ਮਿਰਗ ਨੇ ਹੇੜੀ ਦਾ ਕੀ ਵਿਗਾੜਿਆ ਹੈ, ਜੋ ਉਸਦੀ ਜਾਨ ਦਾ ਲਾਗੂ ਬਣਿਆ ਰਹਿੰਦਾ ਹੈ।

ਬਿਲਕੁਲ ਐਸਾ ਹੀ ਸਚੇ ਪੰਥ ਸੇਵਕਾਂ ਨੂੰ ਭੰਡਣ ਅਤੇ ਦੁਖ ਪੁਚਾਣ ਵਾਲੇ ਟੋਲੇ ਦਾ ਹਾਲ ਹੈ ਜੋ ਕੋਈ ਭਲਾ ਪੁਰਸ਼ ਇਸਤ੍ਰੀ ਜਾਤੀ ਦੀ ਭਲਾਈ ਯਾ ਉਹਨਾਂ ਨੂੰ ਵਿਦਯਾ ਦੇਵਣ ਲਈ ਕੋਈ ਕੰਮ ਕਰਨਾ ਸ਼ੁਰੂ ਕਰੇ, ਤਾਂ ਇਹ ਟੋਲਾ ਉਸ ਦੀਆਂ ਪੱਗਾਂ, ਇਸਤ੍ਰੀਆਂ, ਧੀਆਂ ਨੂੰ ਹਥ ਪੌਣ ਤਾਈਂ ਜਾਂਦਾ ਹੈ। ਸਿਖ ਪੰਥ ਦੀ ਬਦਕਿਸਮਤੀ ਸਮਝੋ ਕਿ ਇਨਾਂ ਅੰਦਰ ਇਸਤ੍ਰੀਆਂ ਦੀ ਵਿੱਦਯਾ ਦੇ ਵਿਰੋਧੀ ਸੂਰੀਆਂ ਦਿਆਂ ਬਚਿਆਂ ਵਾਂਕਰ ਅਣਗਿਣਤ ਅਤੇ ਅਣਜੰਮੇ ਹੀ ਹਨ ਅਤੇ ਇਹਨਾਂ ਹਾਲਤਾਂ ਅੰਦਰ ਇਸਤ੍ਰੀ ਜਾਤੀ ਦਾ ਰਾਖਾ ਕੇਵਲ ਈਸ਼੍ਵਰ ਹੀ ਹੈ ਬਹੁਤ ਸਾਰੇ ਪੜ੍ਹੇ ਲਿਖੇ ਸੱਜਣ ਭੀ ਅਜੇ ਤੱਕ ਇਸਤ੍ਰੀਆਂ ਨੂੰ ਉਚ ਵਿੱਦਯਾ ਦੇਣ ਤੋਂ ਝਿਝਕਦੇ ਹਨ ਇਹ ਉਨ੍ਹਾਂ ਦੀ ਭੁਲ ਅਤੇ ਗਲਤੀ ਹੈ ਜੋ ਆਪ ਪਾਪ ਦੇ ਦਰਜੇ ਤਕ ਜਾ ਪਹੁੰਚਦੀ ਹੈ।

ਖਾਲਸਾ ਪੰਥ ਅੰਦਰ ਲੜਕਿਆਂ ਦੇ ਲਈ ਸਕੂਲਾਂ ਦੀ ਗਿਣਤੀ ੪੫ ਦੇ ਲਗਭਗ ਹੈ, ਪਰ ਅਫਸੋਸ ਜੋ ਲੜਕੀਆਂ ਦੀ ਵਿੱਦਯਾ ਲਈ ਕੇਵਲ ਇੱਕ ਹੀ ਹਾਈ ਸਕੂਲ ਸਿੱਖ ਕੰਨਿਆਂ ਮਹਾਂ ਵਿਦਿਆਲਯ ਹੈ ਅਤੇ ਓਹ ਭੀ ਅੱਜ ਮਾਇਆ ਦੀ ਥੁੜੋਂ ਹੋਣ ਕਰਕੇ ਪੱਕੇ ਪੈਰਾਂ ਉਤੇ ਨਹੀਂ ਚੱਲ ਰਿਹਾ।

ਜੇ ਕੋਈ ਸਿੱਖ ਲੜਕੀ ਕਾਲਜ ਵਿੱਚ ਤਾਲੀਮ ਹਾਸਲ ਕਰਨੀ ਚਾਹੇ ਤਾਂ ਉਸਨੂੰ ਲੱਖਾਂ ਹੀ ਔਕੜਾਂ ਝੱਲਣੀਆਂ ਪੈਂਦੀਆਂ ਹਨ। ਸਾਰੇ ਪੰਜਾਬ ਵਿਚ ਇਸਤ੍ਰੀਆਂ ਲਈ ਲਾਹੌਰ ਅੰਦਰ ਦੋ ਹੀ ਡਿਗਰੀ ਕਾਲਜ ਹਨ। ਇਕ ਗਵਰਨਮੈਂਟ ਦੇ ਪ੍ਰਬੰਧ ਹੇਠ ਹੈ, ਜਿੱਥੇ ਕਿ ਦਾਖਲ ਹੋਣਾ ਸਿੱਖ ਲੜਕੀਆਂ ਲਈ ਬਹੁਤ ਔਖਾ ਹੈ ਅਤੇ ਉਸਦਾ ਖਰਚ ਭੀ ਪਚਾਸ ਯਾ ਸੱਠ ਰੁਪਈਏ ਮਹੀਨੇ ਤੋਂ ਘੱਟ ਨਹੀਂ ਜੋਹੜਾ ਕਿ ਇਕ ਵਿਚਕਾਰਲੇ ਦਰਜੇ ਦੇ ਸਫੇਦਪੋਸ਼ ਆਦਮੀ ਲਈ ਅਜ ਕਲ ਦੇ ਸਮੇਂ ਲੜਕੀ ਦੀ ਤਾਲੀਮ ਖਾਤਰ ਖਰਚਣਾ ਬਹੁਤ ਮੁਸ਼ਕਲ ਹੈ। ਆਮ ਤੌਰ ਤੇ ਅਮੀਰਾਂ ਘਰਾਂ ਦੀਆਂ ਲੜਕੀਆਂ ਹੀ ਇਹਨਾਂ ਕਾਲਜਾਂ ਵਿਚ ਪੜ੍ਹਦੀਆਂ ਹਨ ਅਤੇ ਪੱਛਮੀ ਸੱਭਯਤਾ ਦੇ ਵਿਹੁਲੇ ਅਸਰ ਦੀ ਰੰਗਣ ਉਹਨਾਂ ਵਿੱਚੋਂ ਬਹੁਤ ਸਾਰੀਆਂ ਉੱਤੇ ਖੂਬ ਹੀ ਚੜ੍ਹ ਜਾਂਦੀ ਹੈ, ਵਕਤ ਵੀ ਐਸੀ ਹੈ ਕਿ ਇਕ ਵਿਦਿਆਰਥਣ ਲਈ ਸਿੱਖੀ ਨਿਯਮਾਂ ਵਿਚ ਪਰਪੱਕ ਰਹਿਣਾ ਬਹੁਤ ਹੀ ਕਠਨ ਹੈ, ਦੂਸਰਾ ਕਾਲਜ ਮਿਸ਼ਨਰੀ ਈਸਾਈਆਂ ਦਾ ਹੈ, ਉਸ ਲਈ ਮੈਨੂੰ ਬਹੁਤਾ ਕਹਿਣ ਦੀ ਲੋੜ ਨਹੀਂ, ਉਸ ਦਾ ਮੁਖ ਮੰਤਵ ਹੀ ਲੜਕੀਆਂ ਨੂੰ ਈਸਾਈ ਬਨਾਣੇ ਦਾ ਹੈ ਅਤੇ ਕੋਈ ਭੀ ਲੜਕੀ ਇਹਨਾਂ ਦੇ ਅਸਰ ਤੋਂ ਨਹੀਂ ਬਚ ਸਕਦੀ, ਜੇ ਈਸਾਈ ਭੀ ਨਾ ਬਣੇ, ਤਾਂ ਸਿੱਖੀ, ਕੇਸਾਂ ਅਤੇ ਪਾਠ ਬਾਬਤ ਤਾਂ ਜ਼ਰੂਰ ਹੀ ਵਹਿਮ ਅਤੇ ਸ਼ਕ ਦਿਲ ਅੰਦਰ ਜਾਂਦੇ ਹਨ, ਬਹੁਤ ਸਾਰੀਆਂ ਸਿਖ ਪੜ੍ਹੀਆਂ ਲਿਖੀਆਂ ਲੜਕੀਆਂ (ਅਤੇ ਬਹੁਤ ਸਾਰੇ ਸਿਖ ਨੌਜਵਾਨ) ਜਿਨਹਾਂ ਕਿ ਪਹਿਲੇ ਤੋਂ ਹੀ ਅਨਮੱਤੀ ਸਕੂਲਾਂ ਅੰਦਰ ਤਾਲੀਮ ਪ੍ਰਾਪਤ ਕੀਤੀ ਹੈ ਅਰਦਾਸ ਕਰਨੀ ਭੀ ਨਹੀਂ ਜਾਣਦੇ, ਇਹਨਾਂ ਔਕੜਾਂ ਨੂੰ ਅਨਭਵ ਕਰਕੇ ਅਤੇ ਖਾਲਸਾ ਪੰਥ ਦੀਆਂ ਪਿਆਰੀਆਂ ਪੁਤਰੀਆਂ ਨੂੰ ਪੱਛਮ ਦੇ ਵਿਹੁਲੇ ਅਸਰ ਤੋਂ ਬਚਾਣ ਖਾਤਰ ਅਤੇ ਈਸਾਈਆਂ ਦੀ ਗੁਰਸਿੱਖੀ ਤੋਂ ਪਤਤ ਕਰ ਦੇਣ ਵਾਲੀ ਤਾਲੀਮ ਤੋਂ ਬਚਾਣ ਲਈ ਖਾਲਸਾ ਇਸਤ੍ਰੀ ਜਾਤੀ ਦੇ ਹਿਤੈਸ਼ੀਆਂ ਅਗੇ ਮੈਂ ਪ੍ਰਾਰਥਨਾਂ ਕਰਦਾ ਹਾਂ, ਕਿ ਉਹ ਜਲਦ ਹੀ ਖਾਲਸਾ ਕੰਨਯਾ ਕਾਲਜ ਖੋਹਲ

ਦੇਵਣ,ਜਿਸ ਵਿਚ ਕਿ ਲੜਕੀਆਂ ਨੂੰ ਡਿਗਰੀ ਦੀ ਵਿੱਦਆ ਦੇ ਨਾਲ ਨਾਲ ਹੀ ਧਾਰਮਕ ਵਿਦਜਾ ਭੀ ਸਿਖਾਈ ਜਾਵੇ, ਤਾਂਕਿ ਖਾਲਸਾ ਪੰਥ ਦੀ ਔਣ ਵਾਲੀ ਨਸਲ ਦੁਨੀਆਂ ਉੱਤੇ ਧਰੂ ਤਾਰੇਵਾਂਗ ਚਮਕੇ।

ਅਫਸੋਸ ਹੈ,ਜੋ ਅਜ ਕਲ ਖਾਲਸਾ ਪੰਥ ਦੀਆਂ ਉਹਨਾਂ ਬੱਚੀਆਂ ਦੀ ਬੇੜੀ, ਜਿਹਨਾਂ ਨਾਮ, ਦਾਨ, ਸਿਮਰਨ ਨੂੰ ਮੰਨਣ ਅਤੇ ਧਾਰਨ ਕਰਕੇ ਗੁਰਮੁਖ ਪਦਵੀ ਪ੍ਰਾਪਤ ਕੀਤੀ, ਸ਼ਸਤਰ ਪਹਿਰ ਕੇ ਜੰਗ ਕੀਤੇ, ਪਰ-ਹਿਤ ਨਿਸ਼ਕਾਮ ਸੇਵਾ ਕੀਤੀ, ਪੰਥ ਦੀ ਸ਼ਾਨ ਕਾਇਮ ਰਖਣ ਲਈ ਤਸੀਹੇ ਸਹੇ। ਧਰਮ ਕਾਰਨ ਅਡੋਲ ਰਹਿਕੇ ਮੌਤ ਨੂੰ ਹਸੂੰ ਹਸੂੰ ਕਰਦੀਆਂ ਜੀਉ ਆਇਆਂ ਆਖਿਆ, ਖਾਰੇ ਸਮੁੰਦਰਾਂ ਵੱਲ ਰੁੜ੍ਹਦੀ ਜਾ ਰਹੀ ਹੈ, ਅਤੇ ਇਸ ਦੇ ਨਾਲ ਨਾਲ ਹੀ ਖਾਲਸਾ ਪੰਥ ਦੀ ਨੀਂਹ ਢੇਂਹਦੀ, ਖਿਸਕਦੀ, ਗਿਰਦੀ, ਥੱਲੇ ਨੂੰ ਨਿੱਘਰਦੀ ਜਾਂਦੀ ਹੈ। ਜੇ ਇਹ ਵਿਨਾਸ਼ਕਾਰੀ ਸ਼ਕਤੀਆਂ ਦਾ ਅਸਰ ਖਾਲਸਾ ਪੰਥ ਅੰਦਰ ਜਾਰੀ ਰਿਹਾ, ਅਤੇ ਇਸ ਹੀ ਪ੍ਰਕਾਰ ਖਾਲਸਾ ਪੰਥ ਦੀਆਂ ਇਸਤ੍ਰੀਆਂ ਦੀ ਨਿਰਾਦਰੀ ਅਤੇ ਰਦਿਸ਼ਾ ਹੁੰਦੀ ਰਹੀ ਤਾਂ ਉਹ ਦਿਨ ਨੇੜੇ ਆਗਿਆ ਹੈ, ਜਿਸ ਦਿਨ ਖਾਲਸਾ ਪੰਥ ਦਾ ਨਾਮ ਤਕ ਉਡ ਜਾਏਗਾ, ਗੁਰੂ ਗ੍ਰੰਥ ਸਾਹਿਬ ਜੀ ਵੇਦਾਂ, ਪੁਰਾਨਾਂ, ਛੇ ਸ਼ਾਸਤਰਾਂ ਵਾਂਕਰ ਇਕ "ਬੁਕ ਔਫ ਐਟਿਕੁਏਟੀ ਅਤੇ ਫਿਲਾਸਫੀ" ਅਥਵਾ (ਪ੍ਰਾਚੀਨ ਸਮੇਂ ਦੀ ਪੁਸਤਕ ਅਤੇ ਫਿਲਾਸਫੀ ਦੀ ਕਿਤਾਬ) ਸਮਝੀ ਜਾਵੇਗੀ ਅਤੇ ਹਿੰਦੁਸਤਾਨ ਅੰਦਰ ਪੈਦਾ ਹੋਏ ਹੋਏ ਹੋਰ ਮਤਾਂ ਵਾਂਕਰ ਖਾਲਸਾ ਧਰਮ ਭੀ ਹਿੰਦੂ ਮੱਤ ਦੀ ਇਕ ਸ਼ਾਖਾ ਹੀ ਰਹਿ ਜਾਵੇਗਾ।

ਪਿਛਲੇ ੮੦ ਸਾਲ ਅੰਦਰ ਸਿਖ ਬੀਬੀਆਂ ਦੀ ਵਿੱਦਯਾ ਸੰਬੰਧੀ ਰੀਪੋਰਟ !

ਇਸ ਪ੍ਰਹਣ ਅੰਦਰ ਅੰਗ੍ਰੇਜ਼ਾਂ ਦੇ ਪੰਜਾਬ ਦੇਸ ਨੂੰ ਆਪਣੇ ਅਧੀਨ ਕਰ ਲੇਣ ਦੇ ਸਮੇਂ ਤੋਂ ਅਜ ਤਕ ਸੰਨ ੧੯੨੯ ਈਸਵੀ ਤਕ ਸਿਖ ਲੜਕੀਆਂ ਦੀ ਵਿਦਯਾ ਸੰਬੰਧੀ ਇਤਿਹਾਸਕ ਸਟਵੇ

ਕੀਤਾ ਗਿਆ ਹੈ।

ਮਹਾਰਾਜਾ ਰਣਜੀਤ ਸਿੰਘ ਯਾ ਮਿਸਲਾਂ ਦੇ ਜ਼ਮਾਨੇ ਦਾ ਕੋਈ ਲਿਖਤੀ ਸਬੂਤ ਇਸ ਬਾਤ ਸਬੰਧੀ ਨਹੀਂ ਮਿਲਦਾ, ਜਿਸ ਤੋਂ ਪਤਾ ਲਗੇ, ਕਿ ਉਸ ਸਮੇਂ ਇਸਤ੍ਰੀਆਂ ਦੀ ਵਿਦਯਾ ਦਾ ਕੀ ਪ੍ਰਬੰਧ ਸੀ। ਇਹ ਗੱਲ ਪੱਕੀ ਹੈ, ਕਿ ਸਿਖਾਂ ਅੰਦਰ ਗੁਰਮਤ ਵਿਦਯਾ ਦਾ ਪਠਨ ਪਾਠਨ ਬਗ਼ੈਰ ਕਿਸੇ ਰੋਕ ਰੁਕਾਉ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਚਲਿਆ ਆਉਂਦਾ ਹੈ, ਗੁਰੂ ਅਮਰ ਦਾਸ ਜੀ ਨੇ ਤਾਂ ਪਾਠਸਾਲਾਂ ਭੀ ਖੋਲੀਆਂ ਅਤੇ ਆਪ ਬਾਲਕਾਂ ਅਤੇ ਬਾਲਕੀਆਂ ਨੂੰ ਪੜ੍ਹਾਇਆ ਕਰਦੇ ਸਨ, ਖਾਲਸਾ ਇਤਹਾਸ ਅੰਦਰ ਕਈ ਇਸਤ੍ਰੀਆਂ ਦਾ ਜ਼ਿਕਰ ਆਉਂਦਾ ਹੈ, ਜਿਹਨਾਂ ਕਿ ਗੁਰਮਤ ਵਿਦਯਾ ਭਲੀ ਪ੍ਰਕਾਰ ਪੜ੍ਹੀ।

੧੮੪੯ ਯਾ ੧੮੫੦ ਸੰਨ ਈਸਵੀ ਦੇ ਵੇਲੇ ਲੜਕੀਆਂ ਨੂੰ ਧਾਰਮਕ ਵਿਦਯਾ ਹੀ ਪੜ੍ਹਾਈ ਜਾਂਦੀ ਸੀ, ਨਿਰਮਲੇ ਅਤੇ ਉਦਾਸੀ ਸਾਧੂ ਡੇਰਿਆਂ ਅਤੇ ਗੁਰਦਵਾਰਿਆਂ ਵਿਚ ਪੜ੍ਹਾਇਆ ਕਰਦੇ ਸਨ, ਯਾ ਘਰ ਵਿਚ ਮਾਂ ਬਾਪ ਹੀ ਗੁਰਮੁਖੀ ਵਿਦਯਾ ਪੜ੍ਹਾ ਦਿੰਦੇ ਸਨ, ਛੋਟੀਆਂ ਬਾਲਕੀਆਂ ਨੂੰ ਭੀ ਲੜਕਿਆਂ ਦੇ ਨਾਲ ਹੀ ਬਾਵਾ ਜੀ ਦੇ ਡੇਰੇ ਪੜ੍ਹਨ ਘਲ ਦਿਤਾ ਜਾਂਦਾ ਸੀ, ਪੜ੍ਹਾਈ ਹੀ ਪੜ੍ਹਾਈ ਹੁੰਦੀ ਸੀ, ਅਤੇ ਲਿਖਾਈ ਬਹੁਤ ਕੰਮ ਹੁੰਦੀ ਸੀ, ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਤੋਂ ਅਗੇ ਹੋਰ ਕੋਈ ਪੜ੍ਹਾਈ ਨਹੀਂ ਹੁੰਦੀ ਸੀ, ਜੇ ਲੜਕੀ ਦਸ ਸਾਲ ਦੀ ਆਯੂ ਤੋਂ ਪਹਿਲਾਂ ਪਹਿਲਾਂ ਕੁਝ ਪੜ੍ਹ ਪੜ੍ਹਾ ਲੈਂਦੀ ਤਾਂ ਵਾਹ ਭਲੀ ਨਹੀਂ ਤਾਂ ਉਸਤੋਂ ਪਿਛੋਂ ਬੀਬੀ ਨੂੰ ਪੜ੍ਹਾਈ ਲਈ ਗੁਰਦੁਆਰੇ ਯਾ ਧਰਮਸਾਲਾ ਨਹੀਂ ਘੱਲਿਆ ਜਾਂਦਾ ਸੀ ਸਿੱਖਾਂ ਅੰਦਰ ਧਾਰਮਕ ਵਿੱਦਯਾ ਪੜ੍ਹਨਾ ਧਰਮ ਦਾ ਇੱਕ ਅੰਗ ਮੰਨਿਆ ਗਿਆ ਹੈ।

੧੮੪੯–੫੦ ਦੀ ਐਡਮਿਨਿਸਟਰੇਟਿਵ ਰੀਪੋਰਟ ਵਿਚ ਪੰਜਾਬ ਅੰਦਰ ਇਸਤ੍ਰੀ ਵਿੱਦਯਾ ਸੰਬੰਧੀ ਹੇਠ ਲਿਖਿਆ ਰੀਮਾਰਕ ਦਿੱਤਾ ਹੋਇਆ ਹੈ।

"ਇਹ ਗੱਲ ਧਿਆਨ ਦੇ ਜੋਗ ਹੈ ਕਿ ਪੰਜਾਬ ਦੇ ਸਾਰਿਆਂ

ਹਿੱਸਿਆਂ ਅੰਦਰ ਇਸਤ੍ਰੀ ਵਿੱਦਯਾ ਪਾਈ ਜਾਂਦੀ ਹੈ। ਸ਼ਿਸ਼ ਅਤੇ ਅਧਿਆਪਕਾ, ਹਿੰਦੂ, ਮੁਸਲਮਾਨ ਅਤੇ ਸਿੱਖ ਤਿੰਨੇ ਬੜੇ ੨ ਮਜ਼ਹਬਾਂ ਵਿੱਚੋਂ ਹਨ। ਮੰਨਿਆ ਕਿ ਗਿਣਤੀ ਇਤਨੀ ਬਹੁਤ ਨਹੀਂ, ਪਰ ਫੇਰ ਭੀ ਇਸ ਪ੍ਰਕਾਰ ਦੀ ਵਿੱਦਯਾ ਦਾ ਹੋਣਾ ਜੇਹੜੀ ਕਿ ਸਾਰੇ ਹਿੰਦੁਸਤਾਨ ਦੇ ਹੋਰਨਾਂ ਹਿੱਸਿਆਂ ਵਿੱਚ ਨਹੀਂ ਹੈ ਇੱਕ ਬੜੀ ਹੌਂਸਲਾ ਵਧੌਣ ਵਾਲੀ ਗੱਲ ਹੈ।

ਇਸ ਪੁਰਾਣੇ ਟਾਈਪ ਯਾ ਤ੍ਰੀਕੇ ਦੀਆਂ ਪਾਠਸ਼ਾਲਾਂ ਕਿਸੇ ਅਮੀਰ ਯਾ ਕਿਸੇ ਭਜਨੀਕ ਦੀ ਖੁਲ੍ਹੀ ਦਾਲਾਨ, ਪਿੰਡ ਦੀ ਧਰਮਸ਼ਾਲਾ, ਗੁਰਦੁਆਰੇ ਯਾ ਕਿਸੇ ਵਿਧਵਾ ਇਸਤ੍ਰੀ ਦੇ ਘਰ ਹੁੰਦੀਆਂ ਸਨ। ਵਿੱਦਯਾ ਦੇਣ ਵਾਲੇ ਅਧਿਆਪਕ ਅਤੇ ਅਧਿਆਪਕਾ ਬੁੱਢੇ ਗ੍ਰੰਥੀ ਯਾ ਉਹਨਾਂ ਦੀਆਂ ਸਿੰਘਣੀਆਂ ਯਾ ਵਿਧਵਾ ਇਸਤ੍ਰੀਆਂ ਹੁੰਦੀਆਂ ਸਨ, ਅਧਿਆਪਕਾਂ ਦੀ ਕੋਈ ਤਨਖਾਹ ਮੁਕੱਰਰ ਨਹੀਂ ਸੀ, ਵਿੱਦਯਾ ਗੁਰੂ ਪ੍ਰੇਮ ਨਾਲ ਆਪਣੇ ਬਾਲ ਬੱਚਿਆਂ ਵਾਂਕਰ ਪੜ੍ਹਾਂਦੇ ਸਨ ਅਤੇ ਬੱਚੇ ਭੀ ਸ਼ਰਧਾ ਨਾਲ ਪੜ੍ਹਦੇ ਸਨ, ਹਫਤੇਵਾਰ ਪੈਸਾ ਭੇਟਾ ਕਰਨੀ, ਮਠਿਆਈ, ਫਲ, ਦੁੱਧ ਆਦਿ ਨਾਲ ਵਿੱਦਯਾ ਗੁਰੂ ਦੀ ਸੇਵਾ ਕਰਨੀ ਬੜੀ ਅੱਛੀ ਗੱਲ ਸਮਝੀ ਜਾਂਦੀ ਸੀ, ਹਾੜੀ ਸੌਣੀ ਦੇ ਮੌਕੇ ਬੀਬੀਆਂ ਨੂੰ ਪੜ੍ਹੌਣ ਵਾਲੇ ਗੁਰਦੁਵਾਰੀਏ ਭਾਈ ਨੂੰ ਸਾਰਾ ਨਗਰ ਹਲ ਪਰਤੀ ਉਗਰਾਹੀ ਡਾਲਕੇ ਲੀੜਾ ਅਤੇ ਦਾਣਾ ਕੱਠਾ ਕਰ ਦਿੰਦਾ ਸੀ ਤਿੱਥ ਤਿਉਹਾਰ ਪੂਰਨਮਾਸ਼ੀ, ਇਕਾਦਸੀ ਦੇ ਦਿਨ, ਮੰਗਲ, ਰੱਖੜੀ, ਕਰੂਏ ਅਤੇ ਭੁੱਗੇ ਆਦਿ ਵਰਤਾਂ ਦੇ ਮੌਕੇ ਤੇ ਮੰਗਣੇ, ਵਿਵਾਹ ਅਤੇ ਮੁਕਲਾਵੇ ਸਮੇਂ, ਨਵੀਂ ਪੋਥੀ ਦੀ ਪਹਿਲੀ ਸੰਥਿਆ ਲੈਣ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪਾਵਣ ਸਮੇਂ ਲੜਕੀਆਂ ਆਪਣੇ ਸਿਕਸ਼ਕਾਂ ਨੂੰ ਕੁਝ ਨਾ ਕੁਝ ਭੇਟ ਜ਼ਰੂਰ ਚੜ੍ਹਾਉਂਦੀਆਂ ਸਨ।

੧੮੫੮–੫੯ ਦੀਆਂ ਪੰਜਾਬ ਦੀਆਂ ਰੀਪੋਰਟਾਂ ਦੱਸਦੀਆਂ ਹਨ ਕਿ ਉਸ ਸਮੇਂ ਤਕ ਇਸਤ੍ਰੀ ਵਿੱਦਯਾ ਵਿੱਚ ਕੋਈ ਤਰੱਕੀ ਨਹੀਂ ਹੋਈ ਸੀ। ਪੰਜਾਬ ਅੰਦਰ ੩੮ ਸਕੂਲ ਸਨ ਅਤੇ ੮੧੨ ਵਿਦਯਾਰਥਣਾਂ, ਜਿਨ੍ਹਾਂ ਵਿੱਚੋਂ ੨੯ ਸਕੂਲ ਤਾਂ ਸਿਰਫ

ਜਾਲੰਧਰ ਦੇ ਜ਼ਿਲੇ ਵਿਚ ਹੀ ਸਨ। ਕਪਤਾਨ ਐਲਫਿਨਸਟਨ ਸਾਹਿਬ ਡਿਪਟੀ ਕਮਿਸ਼ਨਰ ਜਾਲੰਧਰ ਨੇ ਇਸਤ੍ਰੀ ਵਿਦਯਾ ਦਾ ਪ੍ਰਚਾਰ ਕਰਨ ਹਿਤ ਬਹੁਤ ਵੱਧਕੇ ਹਿਸਾ ਲਿਆ, ਉਹਨਾਂ ਦੀ ਪ੍ਰੇਰਨਾ ਨਾਲ ਜ਼ਿਲਾ ਜਾਲੰਧਰ ਵਿਚ ਇਸਤ੍ਰੀਆਂ ਦੀ ਵਿਦਯਾ ਲਈ ਬਹੁਤ ਸਾਰੇ ਸਕੂਲ ਖੁਲੇ।

ਸੰਨ ੧੮੬੨ ਈਸਵੀ ਤੋਂ ਪਿਛੋਂ ਪੰਜਾਬ ਦੀ ਇਸਤ੍ਰੀ ਜਾਤੀ ਦੀ ਵਿਦਯਾ ਅੰਦਰ ਇਕ ਭਾਰੀ ਤਬਦੀਲੀ ਆਈ ਇਸ ਸਾਲ ਲਾਹੌਰ ਅੰਦਰ ਪੰਜਾਬ ਦੇ ਲਾਟ ਸਰ—ਰਾਬਰਟ ਮੈਂਟਗੁਮਰੀ ਨੇ ਇਕ ਭਾਰੀ ਦਰਬਾਰ ਕੀਤਾ। ਪੰਜਾਬ ਦੇ ਵਡੇ ਵਡੇ ਸਰਦਾਰ ਅਤੇ ਜਾਗੀਰਦਾਰ ਬੁਲਾਏ ਗਏ। ਇਸ ਮੌਕੇ ਪਰ ਸਰ ਮੈਂਟਗੁਮਰੀ ਨੇ ਇਸਤ੍ਰੀਆਂ ਦੀ ਵਿਦਯਾ ਦੇ ਵਿਸ਼ੇ ਉਤੇ ਲੋਕਾਂ ਨੂੰ ਭਾਸ਼ਨ ਕੀਤਾ ਅਤੇ ਉਨਾਂ ਨੂੰ ਆਪਣੀਆਂ ਲੜਕੀਆਂ ਨੂੰ ਪੜ੍ਹੌਣ ਲਈ ਜ਼ੋਰ ਦਿਤਾ ਅਤੇ ਸਰਕਾਰ ਵਲੋਂ ਹਰ ਪ੍ਰਕਾਰ ਦੀ ਮਦਦ ਦੇਣ ਦਾ ਕੌਲ ਕੀਤਾ।

ਲਾਟ ਸਾਹਿਬ ਦੇ ਇਸ ਲੈਕਚਰ ਨੇ ਜਾਦੂ ਦਾ ਅਸਰ ਕੀਤਾ ਅਤੇ ਇਸਤ੍ਰੀ ਵਿਦਯਾ ਸ਼ੁਰੂ ਹੋ ਗਈ। ਇਸ ਵਿਚ ਆਸਾਂ ਤੋਂ ਵਧਕੇ ਸਫਲਤਾ ਹੋਈ। ਅੰਮ੍ਰਿਤਸਰ ਅਤੇ ਲਾਹੌਰ ਦੋਨਾਂ ਸ਼ਹਿਰਾਂ ਅੰਦਰ ਇਸ ਸਕੀਮ ਨੂੰ ਸਿਰੇ ਚੜ੍ਹਾਵਣ ਲਈ ਪਤਵੰਤੇ ਪੁਰਸ਼ਾਂ ਦੀਆਂ ਕਮੇਟੀਆਂ ਬਣਾਈਆਂ ਗਈਆਂ, ਪਹਿਲਾਂ ਇਹ ਕਾਢ ਸੋਚੀ ਗਈ ਕਿ ਇਹਨਾਂ ਦੋਨਾਂ ਸ਼ਹਿਰਾਂ ਅੰਦਰ ਬੜੇ ਬੜੇ ਘਰਾਣਿਆਂ ਵਿਚ ਲੜਕੀਆਂ ਨੂੰ ਵਿਦਯਾ ਪੜ੍ਹੌਣ ਦਾ ਰਿਵਾਜ ਪਾਯਾ ਜਾਵੇ। ਇਸ ਬਾਤ ਦਾ ਪ੍ਰਬੰਧ ਕੀਤਾ ਗਿਆ ਕਿ ੩੦ ਲਾਹੌਰ ਦੇ ਅਤੇ ੪੦ ਅੰਮ੍ਰਿਤਸਰ ਦੇ ਹਿੰਦੂ ਅਤੇ ਸਿਖ ਕੁਲ-ਪ੍ਰੋਹਤ ਯਾ ਕੁਲ-ਗੁਰੂ ਆਪਣੇ ੨ ਜਜਮਾਨ ਘਰਾਣਿਆਂ ਵਿਚੋਂ ਘਟੋ ਘਟ ਇਕ ਇਕ ਲੜਕੀ ਨੂੰ ਪੜ੍ਹੌਣ ਦਾ ਉਪਰਾਲਾ ਕਰਨ, ਪੜ੍ਹਾਣ ਵਾਲੇ ਕੁਲ-ਗੁਰੂਆਂ, ਪ੍ਰੋਹਤਾਂ ਅਤੇ ਭਾਈਆਂ ਦੀ ਤਨਖਾਹ ਦਸ ਰੁਪਈਏ ਮਹੀਨਾਂ ਪ੍ਰਤੀ ਮੁਕੱਰਰ ਕੀਤੀ ਗਈ, ਇਹ ਵਿਚਾਰ ਸੀ ਕਿ ਇਸ ਢੰਗ ਨਾਲ ਪੜ੍ਹੀਆਂ ਹੋਈਆਂ ਬੀਬੀਆਂ ਜਦ ਵਿਦਯਾ ਦੇਣ ਦੇ ਲਾਇਕ ਹੋ ਜਾਵਣ ਤਾਂ ਉਨਾਂ ਨੂੰ ਆਪਣਿਆਂ ਹੀ ਘਰਾਣਿਆਂ

ਦੀਆਂ ਬੀਬੀਆਂ ਨੂੰ ਪੜ੍ਹੌਣ ਲਈ ਤਨਖਾਹ ਦੇਕੇ ਉਸਤਾਦਨੀਆਂ ਮੁਕੱਰਰ ਕੀਤਾ ਜਾਵੇ ਅਤੇ ਪ੍ਰੋਹਤਾਂ ਅਤੇ ਭਾਈਆਂ ਦੀ ਤਨਖਾਹ ਹਟਾ ਦਿੱਤੀ ਜਾਵੇ ਇਸ ਸਾਲ ਹੀ ਲੜਕੀਆਂ ਦੀ ਵਿਦਯਾ ਲਈ ੧੦੩ ਸਕੂਲ ਖੋਹਲੇ ਗਏ, ਜਿਨ੍ਹਾਂ ਵਿਚ ੨੨੨੪ ਲੜਕੀਆਂ ਪੜ੍ਹਦੀਆਂ ਸਨ।

ਪਹਿਲਾਂ ਪਹਿਲਾਂ ਇਨਾਂ ਸਕੂਲਾਂ ਦਾ ਸਾਰਾ ਖਰਚ ਸਰਕਾਰ ਵਲੋਂ ਹੀ ਦਿਤਾ ਜਾਂਦਾ ਸੀ ਅਤੇ ਸਕੂਲ ਦੀ ਦੇਖਭਾਲ ਭੀ ਸਰਕਾਰੀ ਅਫਸਰ ਹੀ ਕਰਦੇ ਸਨ। ਆਮ ਲੋਕ ਇਸ ਬਾਤ ਨੂੰ ਬੁਰਾ ਮੰਨਦੇ ਸਨ ਕਿ ਉਨਾਂ ਦੀਆਂ ਲੜਕੀਆਂ ਦੀ ਪ੍ਰੀਕਸ਼ਾ ਅੰਗ੍ਰੇਜ਼ ਲੋਕ ਕਰਨ ਇਸ ਕਰਕੇ ਦੇਸੀ ਲੋਕਾਂ ਦੀਆਂ ਕਮੇਟੀਆਂ ਮੁਆਇਨਿਆਂ ਖਾਤਰ ਬਣਾਈਆਂ ਗਈਆਂ ਅਤੇ ਇਹਨਾਂ ਕਮੇਟੀਆਂ ਦੀ ਸਫਾਰਸ਼ ਉਤੇ ਹੀ ਇਨਾਂ ਸਕੂਲਾਂ ਨੂੰ ਸਰਕਾਰੀ ਗਰਾਂਟ ਦਿਤੀ ਜਾਂਦੀ ਸੀ।

ਅੰਮ੍ਰਿਤਸਰ ਅਤੇ ਲਾਹੌਰ ਦੀਆਂ ਕਮੇਟੀਆਂ ਦੇ ਨਮੂਨੇ ਤੇ ਇਸਦੇ ਮੰਤਵ ਨੂੰ ਮੁਖ ਰਖਕੇ ਮਿਸਟਰ ਕੂਪਰ, ਮਿਸਟਰ ਐਲ· ਫਿਨਸਟਨ ਅਤੇ ਬਾਬਾ ਖੇਮ ਸਿੰਘ ਜੀ ਬੇਦੀ ਦੀਆਂ ਅਣਥਕ ਕੋਸ਼ਸ਼ਾਂ ਨਾਲ ਦਿੱਲੀ, ਜੇਹਲਮ, ਜਾਲੰਧਰ, ਗੁਜਰਾਤ ਅਤੇ ਰਾਵਲਪਿੰਡੀ ਦੇ ਜ਼ਿਲਿਆਂ ਅੰਦਰ ਬਹੁਤ ਸਾਰੇ ਸਕੂਲ ਖੋਹਲੇ ਗਏ। ਦੋ ਸਾਲ ਦੇ ਅੰਦਰ ਅੰਦਰ ਇਹਨਾਂ ਸਕੂਲਾਂ ਵਿਚ ਪੜ੍ਹਣ ਵਾਲੀਆਂ ਬੀਬੀਆਂ ਦੀ ਗਿਣਤੀ ਦਸ ਹਜ਼ਾਰ ਤੋਂ ਵਧ ਗਈ। ਬਾਬਾ ਖੇਮ ਸਿੰਘ ਜੀ ਬੇਦੀ ਨੇ ਇਸ ਸਮੇਂ ਸਿਖ ਪੰਥ ਦੀਆਂ ਇਸਤ੍ਰੀਆਂ ਅੰਦਰ ਵਿਦਯਾ ਫੈਲਾਣ ਦਾ ਬੜਾ ਸ਼ਲਾਘਾ ਯੋਗ ਕੰਮ ਕੀਤਾ ਅਤੇ ਸਰਕਾਰ ਨੇ ਭੀ ਉਨਾਂ ਨੂੰ ਇਸੇ ਕਾਰਨ ਬਹੁਤ ਮਾਣ ਬਖਸ਼ਿਆ। ਸੋ ਪੰਜਾਬ ਅੰਦਰ ਇਸਤ੍ਰੀ ਜਾਤੀ ਦੀ ਵਿਦਯਾ ਨੂੰ ਸ਼ੁਰੂ ਕਰਨ ਵਾਲੇ ਲਾਟ ਮੋਂਟਗੁਮਰੀ ਸਾਹਿਬ ਅਤੇ ਸਿਖਾਂ ਅੰਦਰ ਇਸਤ੍ਰੀ ਜਾਤੀ ਦੀ ਵਿਦਯਾ ਦੀ ਨੀਂਹ ਧਰਨ ਵਾਲੇ ਮਾਨਯੋਗ ਮਹਾਂ ਪੁਰਸ਼ ਬਾਬਾ ਖੇਮ ਸਿੰਘ ਜੀ ਬੇਦੀ ਸਨ, ਰਾਵਲਪਿੰਡੀ, ਧੰਨੀ, ਪੋਠੋਹਾਰ, ਜੇਹਲਮ, ਗੁਜਰਾਤ ਦੇ ਇਲਾਕੇ ਅੰਦਰ ਜਿਥੇ ੨ ਇਨਾਂ ਦੀ ਸਿਖੀ ਸੇਵਕੀ ਸੀ, ਬੇਦੀ ਜੀ ਨੇ ਲੜਕੀਆਂ ਦੀ ਵਿਦਯਾ

ਲਈ ਤਨੋਂ ਮਨੋਂ ਸੇਵਾ ਕੀਤੀ (ਅਫਸੋਸ, ਹਜ਼ਾਰ ਅਫਸੋਸ, ਜੋਕਿਸੇ ਸਿਖ ਇਤਿਹਾਸਕ ਖੋਜੀ ਨੇ ਬਾਬਾ ਜੀ ਦਾ ਜੀਵਨ ਨਹੀਂ ਲਿਖਿਆ ਅਤੇਨਾ ਹੀਓਹਨਾਂਦੀ ਔਲਾਦ ਨੂੰ ਇਸ ਗਲ ਦਾ ਖਿਆਲ ਤਕ ਭੀ ਹੈ) ਉਸ ਸਮੇਂ ਦੀਆਂ ਰੀਪੋਰਟਾਂ ਅੰਦਰ ਸਿਖਾਂ ਦਾ ਜ਼ਿਕਰ ਹਿੰਦੂਆਂ ਦੇ ਸਿਰ ਲੇਖ ਹੇਠਾਂ ਹੀ ਦਿੱਤਾ ਗਿਆ ਹੈ ਇਸ ਲਈ ਮੈਂ ਸਿੱਖ ਲੜਕੀਆਂ ਦੀ ਗਿਨਤੀ ਅਲਹਿਦਾ ਨਹੀਂ ਦੇ ਸਕਦਾ।

ਬਾਬਾ ਖੇਮ ਸਿੰਘ ਜੀ ਬੇਦੀ ਦੀਆਂ ਖੋਲ੍ਹੀਆਂ ਹੋਈਆਂ ਪਾਠਸ਼ਾਲਾਂ ਵਿਚ ਕੇਵਲ ਧਾਰਮਕ ਵਿੱਦਯਾ ਹੀ ਪੜ੍ਹਾਈ ਜਾਂਦੀ ਸੀ। ਸੰਨ ੧੯੬੫–੬੬ ਦੀਆਂ ਰੀਪੋਰਟਾਂ ਵਿੱਚ ਸਕੂਲਾਂ ਅੰਦਰ ਪੜ੍ਹਨ ਵਾਲੀਆਂ ਲੜਕੀਆਂ ਦੀ ਗਿਨਤੀ ਮੁਸਲਮਾਨ ਅਤੇ ਹਿੰਦੂਆਂ ਤੋਂ ਵੱਖ ਸਿੱਖ ਅਤੇ ਹੋਰ ਦੇ ਸਿਰ ਲੇਖ ਹੇਠ ੨੧੪ ਦਿਤੀ ਗਈ ਹੈ, ਪਰ ਇਹ ਗੱਲ ਕੋਈ ਘਾਬਰਨ ਵਾਲੀ ਨਹੀਂ, ਉਸ ਸਮੇਂ ੯੦ ਸੈਂਕੜੇ ਪਰਤੀ ਸਿੱਖ ਆਪਣੇ ਆਪ ਨੂੰ ਹਿੰਦੂ ਲਿਖਾਂਦੇ ਸਨ। ਦੂਸਰੇ ਪਾਸੇ ਹਿੰਦੀ ਅਤੇ ਗੁਰਮੁਖੀ ਪੜ੍ਹਨ ਵਾਲੀਆਂ ਲੜਕੀਆਂ ਦੀ ਗਿਨਤੀ ੯੩੪੨ ਦਿੱਤੀ ਹੈ ਜਿਸਦੇ ਅਰਥ ਇਹ ਹਨ ਕਿ ਘੱਟੋ ਘੱਟ ੩੦੦੦ ਸਿੱਖ ਬੱਚੀਆਂ ਸੰਨ ੧੯੬੫ ਯਾ ਅੱਜ ਤੋਂ ੬੫ ਸਾਲ ਪਹਿਲਾਂ ਸਕੂਲਾਂ ਅੰਦਰ ਵਿੱਦਯਾ ਪ੍ਰਾਪਤ ਕਰ ਰਹੀਆਂ ਸਨ। ਇਹ ਗਿਨਤੀ ਸਿਰਫ ਪੰਜਾਬ ਦੇ ੨੯ ਜ਼ਿਲਿਆਂ ਦੀ ਹੈ, ਰਿਆਸਤਾਂ ਦੀ ਵਸੋਂ ਦਾ ਕੁਝ ਪਤਾ ਨਹੀਂ ਇਸ ਸਮੇਂ ਸਕੂਲ ਵਿੱਚ ਪੜ੍ਹਨ ਵਾਲੀਆਂ ਬੀਬੀਆਂ ਉਤੇ ਇੱਕ ਪ੍ਰਤੀ ਸਰਕਾਰੀ ਖਰਚ ਇੱਕ ਰੁਪਿਆ ੧੫ ਆਨੇ ੩ ਪਾਈ ਸਾਲ ਉਠਦਾ ਸੀ।

ਉਹਨੀਂ ਸਮੀਂ ਮਾਪਿਆਂ ਦਾ ਮਤਲਬ ਲੜਕੀ ਨੂੰ ਸਕੂਲ ਭੇਜਣ ਤੋਂ ਇਹੀ ਹੁੰਦਾ ਸੀ ਕਿ ਲੜਕੀ ਅੱਖਰਾਂ ਦੀ ਸਿਆਣੂ ਹੋ ਜਾਵੇ ਅਤੇ ਕਿਸੇ ਧਾਰਮਕ ਪੁਸਤਕ ਦਾ ਪਾਠ ਕਰ ਸਕੇ। ੧੯੬੬–੬੭ ਸੰਨ ਅੰਦਰ ਸਕੂਲਾਂ ਦੀ ਗਿਨਤੀ ੪੫ ਹੋ ਗਈ ਅਤੇ ਸਕੂਲਾਂ ਵਿੱਚ ਪੜ੍ਹਨ ਵਾਲੀਆਂ ਦੀ ਗਿਨਤੀ ੧੭੧੪੭। ਸੰਨ ੧੯੬੦ ਅੰਦਰ ਸਰਕਾਰੀ ਖਰਚ ਕੁਛ ਭੀ ਨਹੀਂ ਸੀ, ਪਰ ੧੯੬੭ ਅੰਦਰ ਇਹ ਖਰਚ ੩੯੯੨੩ ਰੁਪਈਏ ਸੀ ਅਤੇ ਆਪਣੇ

ਆਪ ਦਿੱਤਾ ਹੋਇਆ ਚੰਦਾ ਜੇਹੜਾ ੧੮੬੦ ਅੰਦਰ ਇੱਕ ਫੁੱਟੀ ਕੌਡੀ ਨਹੀਂ ਸੀ, ੧੮੬੭ ਅੰਦਰ ੧੯੨੫੯ ਰੁਪਈਏ ਸੀ ਸਾਰਿਆਂ ਨਾਲੋਂ ਵੱਡੀ ਗੱਲ ਇਹ ਹੋਈ ਕਿ ਲੋਕੀ ਆਪਣੀ ਬੱਚੀਆਂ ਦੀ ਵਿੱਦਯਾ ਵੱਲ ਧਿਆਨ ਦੇਣ ਲਗ ਪਏ ਅਤੇ ਪੁਰਾਣੇ ਵਹਿਮ ਲੋਕਾਂ ਦੇ ਦਿਲਾਂ ਅੰਦਰੋਂ ਉਠ ਗਏ ਲੋਕੀਂ ਇਸ ਗੱਲ ਨੂੰ ਸਮਝਣ ਲਗ ਪਏ ਕਿ ਲੜਕੀਆਂ ਦਾ ਪੜ੍ਹਾਉਨਾ ਭੀ ਉਤਨਾ ਹੀ ਜ਼ਰੂਰੀ ਹੈ ਜਿਤਨਾਂ ਲੜਕਿਆਂ ਦਾ। ਲਾਹੌਰ ਅਤੇ ਅੰਮ੍ਰਿਤਸਰ ਦੀਆਂ ਇਸਤ੍ਰੀਆਂ ਲਈ ਵਿੱਦਯਾ ਪ੍ਰਚਾਰ ਕਰਨ ਵਾਲੀਆਂ ਕਮੇਟੀਆਂ ਨੇ ਅੰਗ੍ਰੇਜ਼ ਲੇਡੀਆਂ ਆਪਣੇ ਸਕੂਲਾਂ ਵਿੱਚ ਨੌਕਰ ਰੱਖ ਲਈਆਂ।

ਸੰਨ ੧੮੭੦ ਤੋਂ ਆਪਣੀ ਮ੍ਰਿਤੂ ਦੇ ਸਮੇਂ ਤਕ ਬਾਬਾ ਖੇਮ ਸਿੰਘਜੀ ਬੇਦੀ ਨੇ ਖਾਲਸਾ ਪੰਥ ਦੀਆਂ ਇਸਤ੍ਰੀਆਂ ਦੀ ਵਿੱਦਯਾ ਸੰਬੰਧੀ ਬੜਾ ਭਾਰਾ ਕੰਮ ਕੀਤਾ ਸੁਣੀਦਾ ਹੈ ਕਿ ਉਹਨਾਂ ਨੇ ੫੦੦੦੦) ਰੁਪਿਆ ਇਸ ਕੰਮ ਉਤੇ ਖਰਚ ਕੀਤਾ। ਸੰਨ ੧੮੭੬ ਅੰਦਰ ੪੦ ਪਾਠਸ਼ਾਲਾਂ ਅਤੇ ੧੮੭੯ ਅੰਦਰ ੪੨ ਪਾਠਸ਼ਾਲਾਂ ਚੱਲ ਰਹੀਆਂ ਸਨ।

ਸੰਨ ੧੮੯੧ ਅੰਦਰ ਸਕੂਲਾਂ ਵਿਚ ਵਿਦਯਾ ਪ੍ਰਾਪਤ ਕਰਨ ਵਾਲੀਆਂ ਸਿਖ ਬੀਬੀਆਂ ਦੀ ਗਿਣਤੀ ਹੋਰ ਮਜ਼ਬਾਂ ਦੀਆਂ ਪੜ੍ਹਣ ਵਾਲੀਆਂ ਲੜਕੀਆਂ ਨਾਲੋਂ ਬਹੁਤ ਜ਼ਿਆਦਾ ਸੀ। ੧੮੯੧ ਦੀ ਮਨੁਸ਼ ਗਿਣਤੀ ਮਹਿਕਮੇ ਦੀ ਰੀਪੋਰਟ ਅਨੁਸਾਰ ੫ ਤੋਂ ੧੫ ਸਾਲ ਦੀ ਉਮਰ ਤਕ ਦੀ ਲੜਕੀਆਂ ਦੀ ਗਿਣਤੀ ੨੧੧,੬੪,੩੪ ਸੀ ਪਰ ਸਕੂਲਾਂ ਅੰਦਰ ਕੇਵਲ ੧੦੬੯ ਲੜਕੀਆਂ ਅਥਵਾ ੧੯੯ ਲੜਕੀਆਂ ਵਿਚੋਂ ਇਕ ਲੜਕੀ ਹੀ ਪੜ੍ਹਦੀ ਸੀ ਇਹਨਾਂ ਵਿਚ ੧੦੩੫੮ ਯਾ ੯੭ ਸੈਂਕੜੇ ਪ੍ਰਤੀ ਪ੍ਰੈਮਰੀ ਸਕੂਲਾਂ ਵਿਚ ਪੜ੍ਹਦੀਆਂ ਸਨ। ਹਿੰਦੂਆਂ ਵਿਚ ੨੨੧ ਲੜਕੀਆਂ ਪਿਛੇ ਇਕ ਲੜਕੀ ਮੁਸਲਮਾਨਾਂ ਅੰਦਰ ੩੦੮ ਵਿਚੋਂ ਇਕ ਲੜਕੀ ਅਤੇ ਸਿਖਾਂ ਵਿਚ ੫੮ ਲੜਕੀਆਂ ਪ੍ਰਤੀ ਇਕ ਲੜਕੀ ਸਕੂਲ ਜਾਂਦੀ ਸੀ।

ਖਾਲਸਾ ਪੰਥ ਅੰਦਰ ਇਸਤ੍ਰੀ ਵਿਦਯਾ ਦਾ ਪ੍ਰਚਾਰ ਦਿਨੋ ਦਿਨ ਵਧਦਾ ਗਿਆ। ਛੋਟੀਆਂ ੨ ਪਾਠਸ਼ਾਲਾਂ ਬੀਬੀਆਂ ਦੀ

ਵਿਦਯਾ ਲਈ ਖੁਲ ਗਈਆਂ ਅਤੇ ੧੮੯੬-੯੭ ਅੰਦਰ ਸਕੂਲ ਅੰਦਰ ਪੜ੍ਹਣ ਵਾਲੀਆਂ ਲੜਕੀਆਂ ਦੀ ਗਿਣਤੀ ਹੇਠ ਲਿਖੇ ਮੁਜਬ ਸੀ। ਸਿਖ ਇਸਤ੍ਰੀਆਂ ਦੀ ਕੁਲ ਵਸੋਂ ਉਸ ਵੇਲੇ ੪੮੧੫੪੪ ਸੀ, ਜਿਨ੍ਹਾਂ ਵਿਚੋਂ ਸਕੂਲ ਜਾਣ ਵਾਲੀਆਂ ੫ ਅਤੇ ੧੫ ਸਾਲ ਦੀ ਵਿਚਕਾਰਲੀ ਆਯੂ ਦੀਆਂ ਲੜਕੀਆਂ ਦੀ ਗਿਣਤੀ ੧੦੫੪੪੬ ਯਾ ਲਗਭਗ ਚੌਥੇ ਹਿਸੇ ਦੇ ਸੀ। ਇਨ੍ਹਾਂ ਵਿਚੋਂ ੨੧੧੪ ਬੀਬੀਆਂ ਹੀ ਪੜ੍ਹਦੀਆਂ ਸਨ। ਯਾ ਇਉਂ ਕਹੋ ਕਿ ੫੦ ਲੜਕੀਆਂ ਪਿਛੇ ਇਕ ਲੜਕੀ ਪੜ੍ਹਦੀ ਸੀ। ਸਰਕਾਰੀ ਅਤੇ ਮਨਜ਼ੂਰ ਹੋਏ ਸਕੂਲਾਂ ਵਿਚ ੧੭੬੩ ਲੜਕੀਆਂ ਪੜ੍ਹਦੀਆਂ ਸਨ, ਜਿਨ੍ਹਾਂ ਵਿਚੋਂ ੧੩ ਮਿਡਲ ਭਾਗ ਵਿਚ, ੧੩੭੮ ਪ੍ਰਾਇਮਰੀ ਭਾਗ ਵਿਚ ਅਤੇ ੧੨ ਟ੍ਰੇਨਿੰਗ ਸਕੂਲਾਂ ਵਿਚ ਵਿਦਯਾ ਪ੍ਰਾਪਤ ਕਰ ਰਹੀਆਂ ਸਨ। ਬਾਕੀ ੩੫੧ ਲੜਕੀਆਂ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਦੀਆਂ ਸਨ। ਸਰਕਾਰੀ ਅਤੇ ਮਨਜ਼ੂਰ ਹੋਏ ਸਕੂਲਾਂ ਅੰਦਰ ੨੭੩ ਇਸਤ੍ਰੀਆਂ ਪਿਛੇ ਇਕ ਲੜਕੀ ਅਤੇ ਸਭ ਤਰਾਂ ਦੇ ਸਕੂਲਾਂ ਨੂੰ ਮਿਲਾਕੇ ੨੨੭ ਸਿਖ ਇਸਤ੍ਰੀਆਂ ਪ੍ਰਤੀ ਇਕ ਲੜਕੀ ਪੜ੍ਹਦੀ ਸੀ।

ਇਨ੍ਹਾਂ ਹੀ ਸਮਿਆਂ ਅੰਦਰ ਪ੍ਰੋਫੈਸਰ ਗੁਰਮੁਖ ਸਿੰਘ, ਭਾਈ ਦਿਤ ਸਿੰਘ, ਗਿਆਨੀ ਨੌਰੰਗ ਸਿੰਘ, ਡਾਕਟਰ ਚਰਨ ਸਿੰਘ ਜੈਸੇ ਗੁਰਮੁਖ ਪਿਆਰਿਆਂ ਨੇ ਸਿੰਘ ਸਭਾ ਲਹਿਰ ਦੀ ਨੀਂਹ ਰਖੀ। ਸਿਖ ਧਰਮ ਦਾ ਪ੍ਰਚਾਰ, ਗੁਰੂ ਸਿਖਾਂ ਅੰਦਰ ਵਿਦਯਾ ਦਾ ਫੈਲਾਉਣਾ, ਕੁਰੀਤੀਆਂ ਦਾ ਖੰਡਣ ਅਤੇ ਗੁਰਮਤੇ ਸੰਬੰਧੀ ਸਾਹਿਤਯ ਲਿਖਣ ਅਤੇ ਪ੍ਰਕਾਸ਼ ਕਰਨ ਦਾ ਕੰਮ ਇਨ੍ਹਾਂ ਨੇ ਆਰੰਭ ਕੀਤਾ, ਪ੍ਰੋਫੈਸਰ ਗੁਰਮੁਖ ਸਿੰਘ ਜੀ ਦੇ ਪਿਆਰੇ ਸ਼ਿਸ਼ ਅਤੇ ਖਾਲਸਾ ਇਸਤ੍ਰੀ ਜਗਤ ਦੇ ਤਾਰਕ, ਤਿਆਗ-ਮੂਰਤੀ ਜ਼ਿੰਦਾ ਸ਼ਹੀਦ ਭਾਈ ਤਖਤ ਸਿੰਘ ਜੀ ਫੀਰੋਜ਼ਪੁਰ ਨੇ ਇਸਤ੍ਰੀ ਜਾਤੀ ਦੀ ਉਨਤੀ ਅਤੇ ਵਿਦਯਾ ਦਾ ਬੀੜਾ ਚੁਕਿਆ ਪਰ ਥੋੜੇ ਹੀ ਚਿਰ ਪਿਛੋਂ ਬਾਬਾ ਖੇਮ ਸਿੰਘ ਜੀ ਬੇਦੀ ਅਤੇ ਪਰੋਫੈਸਰ ਗੁਰਮੁਖ ਸਿੰਘ ਜੀ ਆਪਸ ਵਿਚ ਗੁਰਸਿਖੀ ਦੇ ਨਿਯਮਾਂ ਦੇ ਪਾਲਣ ਕਰਨ ਸੰਬੰਧੀ ਨਰਾਜ਼ ਹੋ ਗਏ। ਬਾਬਾ ਖੇਮ ਸਿੰਘ ਜੀ ਬੇਦੀ ਆਪਣੇ ਆਪ ਨੂੰ ਪੁਜਵਾਂਦੇ ਸਨ ਅਤੇ ਗੁਰੂ ਗ੍ਰੰਥ

ਸਾਹਿਬ ਜੀ ਦੀ ਹਜ਼ੂਰੀ ਵਿਚ ਗੱਦੀ ਲਾਕੇ ਬੈਠਦੇ ਸਨ ਅਤੇ ਪਰੋਫੈਸਰ ਗੁਰਮੁਖ ਸਿੰਘ ਜੀ ਇਸ ਮਨਮਤ ਦੇ ਬਹੁਤ ਵਿਰੁਧ ਸਨ। ਬਾਬਾ ਜੀ ਅਤੇ ਮਹਾਰਾਜਾ ਫਰੀਦਕੋਟ ਰਾਜਾ ਬਿਕ੍ਰਮ ਸਿੰਘ ਜੀ ਇਕ ਧੜੇ ਵਿਚੋਂ ਸਨ ਅਤੇ ਦੂਸਰੇ ਪਾਸੇ ਪਰੋਫੈਸਰ ਗੁਰਮੁਖ ਸਿੰਘ ਅਤੇ ਗਿਆਨੀ ਦਿਤ ਸਿੰਘ ਜੀ ਆਦਿ। ਬਾਬਾ ਜੀ ਦੇ ਧੜੇਨੇ ਆਪਣੇ ਜ਼ੋਰ ਅਤੇ ਦੁਨਿਆਵੀ ਅਸਰ ਨਾਲ ਪਰੋਫੈਸਰ ਸਾਹਿਬ ਜੀ ਦਾ ਤਖਤਾਂ ਉਤੇ ਅਰਦਾਸਾ ਹੋਣੋਂ ਬੰਦ ਕਰਵਾ ਦਿਤਾ, ਇਸ ਦੁਫਾਟ ਤੋਂ ਪਿਛੋਂ ਸਿੱਖ ਲੜਕੀਆਂ ਦੀ ਵਿੱਦਯਾ ਪ੍ਰਚਾਰ ਦੀ ਲਹਿਰ ਘਟ ਗਈ। ਬਾਬਾ ਖੇਮ ਸਿੰਘ ਜੀ ਗੁਰਪੁਰੀ ਜਾ ਸਿਧਾਰੇ ਅਤੇ ਉਹਨਾਂ ਦੀਆਂ ਚਲਾਈਆਂ ਹੋਈਆਂ ਪਾਠਸ਼ਾਲਾਂ ਬੰਦ ਹੋ ਗਈਆਂ ਜੇ ਉਹੀ ਸਿਲਸਿਲਾ ਜਾਰੀ ਰਹਿੰਦਾ ਤਾਂ ਸੰਭਵ ਸੀ ਕਿ ਘੱਟੋ ਘੱਟ ਇੱਕ ਦੋ ਕਾਲਜ ਜ਼ਰੂਰ ਹੀ ਸਿੱਖ ਬੱਚੀਆਂ ਦੀ ਵਿੱਦਯਾ ਲਈ ਹੁੰਦੇ।

ਅੱਜ ਕਲ ਜਦ ਅਸੀਂ ਸੁਣਦੇ ਹਾਂ ਕਿ ਇੱਕ ਪਤਵੰਤੇ ਘਰ ਦੀ ਬੀਬੀ ਨੇ ਬਾਬ (ਪਟੇ) ਕਰਵਾ ਲਏ ਹਨ ਯਾ ਕੇਸ ਕਤਲ ਕਰੌਣ ਲਈ ਇੱਕ ਕਮੇਟੀ ਬਣੀ ਹੈ ਯਾ ਘਰੋਂ ਸਿੱਖ ਗਏ ਹੋਏ ਵਿਦਿਆਰਥੀ ਅਮਰੀਕਾ ਅਤੇ ਵਲਾਇਤ ਤੋਂ ਵਾਪਸ ਔਣ ਪਰ ਸਿਰ ਗੁੰਮੇ, ਸਿਗਰਟ ਪੀਣੇ ਬਣੇ ਦੇਖੀਦੇ ਹਨ ਤਾਂ ਅਸੀਂ ਤੌਖਲੇ ਵਿੱਚ ਪੈ ਜਾਂਦੇ ਹਾਂ। ਇਹਨਾਂ ਸਾਰੀਆਂ ਕੁਰੀਤੀਆਂ ਦਾ ਕਾਰਨ ਸਾਡੀਆਂ ਮਾਵਾਂ ਦੀ ਅਵਿੱਦਯਾ ਹੈ ਜੋ ਉਹ ਸਾਨੂੰ ਛੋਟੀ ਉਮਰ ਤੋਂ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਨਹੀਂ ਜੋੜ ਸਕਦੀਆਂ। ਪੰਥ ਦਾ ਆਪਣੀਆਂ ਲੜਕੀਆਂ ਨੂੰ ਵਿੱਦਯਾ ਨਾ ਦੇਣ ਦਾ ਇਹ ਕੌੜਾ ਅਤੇ ਵਿਹੁਲਾ ਨਤੀਜਾ ਹੈ, ਖਾਲਸਾ ਪੰਥ ਨੇ ਇਸਤ੍ਰੀਆਂ ਨੂੰ ਵਿੱਦਯਾ ਤੋਂ ਵਾਂਜੇ ਰੱਖਿਆ ਅਤੇ ਉਹਨਾਂ ਦੀ ਅਵਿੱਦਯਾ ਪੰਥ ਨੂੰ ਸਰਾਪ ਹੋਕੇ ਲੱਗ ਗਈ ਜਿਸਦੀ ਸ਼ਕਲ ਇਹ ਹੈ ਕਿ ਅੱਜ ਕਲ ਦੇ ਪੜ੍ਹੇ ਲਿਖੇ ਬੀ. ਏ. ਐਮ. ਏ. ਸਿੱਖ ਨੌਜਵਾਨਾਂ ਵਿਚੋਂ ਬਹੁਤ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਧ ਪਾਠ ਕਰਨਾ ਤਾਂ ਇੱਕਪਾਸੇ, ਨਿੱਤ-ਨੇਮ, ਇਸ਼ਨਾਨ, ਸੇਵਾ, ਸਿਮਰਨ ਕਰਨਾ ਕਿਸੇ ਖੂੰਜੇ ਹੂੰਝ,

ਅਰਦਾਸਾ ਕਰਨ ਭੀ ਨਹੀਂ ਜਾਣਦੇ। ਸਿਆਣਿਆਂ ਨੇ ਇਸਨੂੰ ਲਿਖਿਆ ਹੈ ਅਦਲੇ ਦਾ ਬਦਲਾ। ਇਸ ਹੱਥ ਕਰ ਅਤੇ ਇਸ ਹੱਥ ਭਰ "ਪੁੱਤ੍ਰੀ ਨਾਲ ਜ਼ੁਲਮ ਕਮਾਇਆ। ਪੁਤਰਾਂ ਦੇ ਪੇਟੇਆਇਆ।"

ਸੰਨ ੧੯੦੦ ਦੇ ਲਗ ਭਗ ਸਿੰਘ ਸਭਾ ਲਹਿਰ ਦਾ ਕੰਮ ਭਾਈ ਗੁਰਮੁਖ ਸਿੰਘ ਜੀ ਦੇ ਗੁਰਪੁਰੀ ਨੂੰ ਸਿਧਾਰ ਜਾਣ ਕਰਕੇ ਕੁਝ ਢਿੱਲਾ ਪੈ ਗਿਆ। ਉਸ ਸਮੇਂ ਤਕ ਸਿੱਖਾਂ ਅੰਦਰ ਖਾਸੀ ਜਾਗ੍ਰਤ ਆ ਚੁਕੀ ਸੀ, ਸਿੱਖ ਪੰਥ ਤਨੋਂ ਮਨੋਂ ਆਪਣੇ ਬੱਚਿਆਂ ਦੀ ਵਿੱਦਯਾ ਵੱਲ ਲੱਗਾ ਹੋਇਆ ਸੀ ਇਹਨਾਂ ਸਾਲਾਂ ਦੀਆਂ ਸਰਕਾਰੀ ਰੀਪੋਰਟਾਂ ਵਿੱਚ ਸਿੱਖ ਲੜਕੀਆਂ ਦੀ ਗਿਣਤੀ ਹਿੰਦੂਆਂ ਵਿੱਚ ਲਿਖੀ ਹੋਈ ਹੈ ਅਤੇ ਹਿੰਦੂਆਂ ਦੀ ਭੀ ਕੇਵਲ ਬ੍ਰਾਹਮਣ ਅਤੇ ਨਾਨ ਬ੍ਰਾਹਮਣ ਦੇ ਪਦ ਹੇਠ ਹੀ ਵੰਡ ਕੀਤੀ ਗਈ ਹੈ। ਮਲੂਮ ਦਿੰਦਾ ਹੈ ਜੋ ਇਸ ਸਮੇਂ ਬਹੁਤ ਸਾਰੀਆਂ ਪਾਠਸ਼ਾਲਾਂ ਖੁਲੀਆਂ, ਭਾਈ ਤਖਤ ਸਿੰਘ ਜੀ ਹੁਰਾਂ ਦੀ ਪਾਠਸ਼ਾਲਾ ਨੇ, ਜਿਹੜੀ ਕਿ ਸੰਨ ੧੮੯੦ ਅੰਦਰ ਖੁਲੀ ਸੀ, ਖਾਸੀ ਤਰੱਕੀ ਕਰ ਲਈ। ੧੯੦੬ ਅਤੇ ੧੯੦੭ ਦੀ ਸਰਕਾਰੀ ਰੀਪੋਰਟ ਅੰਦਰ ਭਾਈ ਤਖਤ ਸਿੰਘ ਜੀ ਦਾ ਨਾਮ ਬੜੇ ਸਤਕਾਰ ਨਾਲ ਪੰਜਾਬ ਦੇ ਉਨਾਂ ਤਿੰਨ ਵਡੇ ਵਡੇ ਆਦਮੀਆਂ ਵਿਚ ਲਿਖਿਆ ਹੋਇਆ ਹੈ, ਜਿਹੜੇ ਕਿ ਪੰਜਾਬ ਅੰਦਰ ਇਸਤ੍ਰੀਆਂ ਲਈ ਵਿਦਯਾ ਫੈਲਾਉਣ ਦਾ ਕੰਮ ਕਰ ਰਹੇ ਸਨ।

੧੯੧੦-੧੧ ਸੰਨ ਈਸਵੀ ਅੰਦਰ ੧੦ ਸਿਖ ਲੜਕੀਆਂ ਹਾਈ ਸਕੂਲਾਂ ਅੰਦਰ, ੩੧੨ ਅੰਗ੍ਰੇਜ਼ੀ ਮਿਡਲ ਸਕੂਲਾਂ ਅੰਦਰ ਅਤੇ ੩੭੨ ਬੀਬੀਆਂ ਦੇਸੀ ਜ਼ਬਾਨ ਦੇ ਮਿਡਲ ਸਕੂਲਾਂ ਅੰਦਰ ਵਿਦਯਾ ਪ੍ਰਾਪਤ ਕਰਦੀਆਂ ਸਨ।

੧੯੧੧-੧੨ ਸੰਨ ਦੀ ਪੰਜਾਬ ਸਰਕਾਰ ਦੇ ਮਹਿਕਮਾ ਤਾਲੀਮ ਦੀ ਰੀਪੋਰਟ ਵਿਚ ਸਿਖ ਕੰਨਿਆਂ ਮਹਾਂ ਵਿਦਯਾਲਯ ਬਾਬਤ ਇਉਂ ਲਿਖਿਆ ਹੈ:-

"ਇਹ ਸਕੂਲ ਭਾਈ ਤਖਤ ਸਿੰਘ ਅਤੇ ਉਸਦੀ ਸੁਪਤਨੀ ਦਾ ਖੋਹਲਿਆ ਹੋਇਆ ਹੈ, ਇਨਾਂ ਦੋਨਾਂ ਨੇ ਇਸ ਸਕੂਲ ਦੇ

ਚਲਾਣ ਖਾਤਰ ਚੰਦਾ ਕੱਠਾ ਕਰਨ ਵਾਸਤੇ ਹਿੰਦੁਸਤਾਨ, ਜਾਪਾਨ ਅਤੇ ਅਮਰੀਕਾ ਦੇਸ ਦਾ ਭ੍ਰਮਣ ਕੀਤਾ ਹੈ (ਨੋਟ—ਭਾਈ ਸਾਹਿਬ ਜੀ ਅਮਰੀਕਾ ਨਹੀਂ ਗਏ, ਰੀਪੋਰਟ ਦੀ ਇਹ ਗਲਤੀ ਹੈ) ਇਨਾਂ ਦੋਨਾਂ (ਇਸਤ੍ਰੀ ਪੁਰਸ਼) ਨੇ ਆਪਣੇ ਜੀਵਨ ਸਕੂਲ ਦੀ ਸੇਵਾ ਲਈ ਅਰਪਣ ਕਰ ਦਿਤੇ ਹਨ। ਸਕੂਲ ਵਿਚ ਪੜ੍ਹਣ ਵਾਲੀਆਂ ਬੀਬੀਆਂ ਦੀ ਗਿਣਤੀ ੩੧੨ ਹੈ, ਜਿਨਾਂ ਵਿਚੋਂ ੨੩੩ ਬੋਰਡਿੰਗ ਵਿਚ ਰਹਿੰਦੀਆਂ ਹਨ। ਸਕੂਲ ਵਿਚ ਪੜ੍ਹਾਈ ਦੀ ਫੀਸ ਕੋਈ ਨਹੀਂ, ਬੋਰਡਿੰਗ ਵਿਚ ਰਹਿਣ ਵਾਲੀਆਂ ਲੜਕੀਆਂ ਵਿਚੋਂ ਸਿਰਫ ਇਕ ਤਿਹਾਈ ਹੀ ਲੰਗਰ ਆਦਿ ਦਾ ਖਰਚ ਦਿੰਦੀਆਂ ਹਨ। (ਬਾਕੀ ੨੧੦ ਲੜਕੀਆਂ ਦੇ ਲੰਗਰ, ਬਸਤਰ ਪੁਸਤਕਾਂ ਆਦਿ ਦਾ ਖਰਚ ਭਾਈ ਤਖਤ ਸਿੰਘ ਜੀ ਮੰਗ ਮੰਗਕੇ ਹੀ ਕੱਠਾ ਕਰਦੇ ਸਨ) ਕੋਈ ਨੌਕਰ ਰਖੇ ਹੋਏ ਨਹੀਂ ਹਨ, ਰਸੋਈ ਆਦਿ ਦਾ ਸਾਰਾ ਕੰਮ ਲੜਕੀਆਂ ਨੂੰ ਸਿਖੀ ਤਰੀਕੇ ਦੇ ਜੀਵਨ ਬਤੀਤ ਕਰਨ ਦੀ ਅਤੇ ਪਕੀਆਂ ਸਿਖ ਬਨਣ ਦੀ ਸਿਖਿਆ ਦਿਤੀ ਜਾਂਦੀ ਹੈ, ਸਕੂਲ ਦਾ ਪ੍ਰਬੰਧ ਸ਼ਲਾਘਾ ਯੋਗ ਹੈ।

੧੯੧੫—੧੬ ਸੰਨ ਅੰਦਰ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਪੜ੍ਹਨ ਵਾਲੀਆਂ ਸਿੱਖ ਲੜਕੀਆਂ ਦੀ ਗਿਣਤੀ ੯੨੦੯ ਸੀ ਜਿਨ੍ਹਾਂ ਵਿਚੋਂ ਇੱਕ ਕਾਲਜ ਵਿੱਚ ੧੧ ਹਾਈ ਡੀਪਾਰਟਮੈਂਟ ਵਿੱਚ ੨੪੩ ਮਿਡਲ ਭਾਗ ਵਿੱਚ ੧੨੪੯ ਪ੍ਰਾਇਮਰੀ ਭਾਗ ਵਿਚ ਅਤੇ ੭੧੬੬ ਬੀਬੀਆਂ ਛੋਟੀਆਂ ਜਮਾਤਾਂ ਵਿੱਚ ਪੜ੍ਹਦੀਆਂ ਸਨ। ਸਪੈਸ਼ਲ ਸਕੂਲਾਂ ਵਿੱਚ ੩੫ ਅਤੇ ਪ੍ਰਾਇਮਰੀ ਸਕੂਲਾਂ ਅੰਦਰ ੫੦੦ ਬੀਬੀਆਂ ਪੜ੍ਹਦੀਆਂ ਸਨ। ਇਸ ਸਾਲ ਪੰਜ ਸਿੱਖ ਬੀਬੀਆਂ ਨੇ ਦਸਵੀਂ ਜਮਾਤ ਦਾ ਇਮਤਿਹਾਨ ਪਾਸ ਕੀਤਾ ਅਤੇ ੩੭ ਬੀਬੀਆਂ ਮਿਡਲ ਦੇ ਇਮਤਿਹਾਨ ਵਿਚੋਂ ਪਾਸ ਹੋਈਆਂ।

ਸੰਨ ੧੯੨੧—੨੨ ਦੀ ਮਨੁਸ਼ ਗਿਣਤੀ ਦੀਆਂ ਰੀਪੋਰਟਾਂ ਅਨੁਸਾਰ ਸਿੱਖਾਂ ਦੀ ਵਸੋਂ ਇਸ ਪ੍ਰਕਾਰ ਸੀ। ਸਿੱਖ ਆਦਮੀਆਂ ਦੀ ਗਿਣਤੀ ੧੨੯੫੯੫੭ ਅਤੇ ਸਿੱਖ ਇਸਤ੍ਰੀਆਂ ਦੀ ਗਿਣਤੀ ੯੯੯੮੨੫੦ ਸੀ ਇਨ੍ਹਾਂ ਵਿੱਚ ਕੇਵਲ ੯੯੦੧ ਸਿੱਖ ਲੜਕੀਆਂ

ਸਰਕਾਰੀ ਅਤੇ ਮਨਜ਼ੂਰ ਹੋਏ ਸਕੂਲਾਂ ਅੰਦਰ ਅਤੇ ੧੨੪੭ ਲੜਕੀਆਂ ਨਾ-ਮਨਜ਼ੂਰ ਹੋਏ ਸਕੂਲਾਂ ਵਿਚ ਪੜ੍ਹਦੀਆਂ ਸਨ। ਇਹਨਾਂ ਵਿਚ ਚਾਰ ਐਫ. ਏ. ਦੀ ਜਮਾਤ ਵਿਚ, ੧੧ ਡਾਕਟਰੀ ਵਿਚ ਅਤੇ ੧੧ ਟ੍ਰੇਨਿੰਗ ਸਕੂਲਾਂ ਵਿੱਚ ਸਨ ਅਤੇ ੫੦੩੯ ਲੜਕੀਆਂ ਪ੍ਰਾਇਮਰੀ ਸਕੂਲਾਂ ਵਿੱਚ ਹੀ ਸਨ। ਇਸ ਤੋਂ ਅੱਗੇ ਦੀਆਂ ਰੀਪੋਰਟਾਂ ਤੋਂ ਮਾਲੂਮ ਦਿੰਦਾ ਹੈ ਜੋ ੧੯੨੫-੨੬-੧੯੨੭-੨੮ ਅੰਦਰ ਪੜ੍ਹਨ ਵਾਲੀਆਂ ਲੜਕੀਆਂ ਦੀ ਗਿਨਤੀ ਹਰ ਸਾਲ ਦੋ ਹਜ਼ਾਰ ਦੇ ਹਿਸਾਬ ਨਾਲ ਵਧਦੀ ਚਲੀ ਜਾ ਰਹੀ ਹੈ ਅਖੀਰ ਦੇ ਸਾਲ ਸਕੂਲਾਂ ਅੰਦਰ ਪੜ੍ਹਨ ਵਾਲੀਆਂ ਬੀਬੀਆਂ ਦੀ ਗਿਨਤੀ ੧੬੯੫੮ ਸੀ ਇਹਨਾਂ ਵਿਚੋਂ ਮੈਡੀਕਲ ਸਕੂਲਾਂ ਵਿੱਚ ੧੧, ਨਾਰਮਲ ਅਤੇ ਟ੍ਰੇਨਿੰਗ ਸਕੂਲਾਂ ਵਿੱਚ ੮੬, ਟੈਕਨੀਕਲ ਅਤੇ ਇੰਡਸਟਰੀਅਲ ਸਕੂਲਾਂ ਵਿੱਚ ੮੦ ਲੜਕੀਆਂ ਪੜ੍ਹਦੀਆਂ ਸਨ।

ਸੰਨ ੧੯੨੯ ਅੰਦਰ ਕੈਨੇਡਾ ਨਿਵਾਸੀ ਖਾਲਸਾ ਜੀ ਨੇ ਦੁਆਬਾ ਦੀਵਾਨ ਨੂੰ ੧ ਲੱਖ ਰੁਪਿਆ ਸਿੱਖ ਲੜਕੀਆਂ ਦੀ ਵਿੱਦਯਾ ਲਈ ਘੱਲਿਆ ਅਤੇ ੧ ਲੱਖ ਰੁਪਿਆ ਹੋਰ ਘੱਲਣ ਦਾ ਇਕਰਾਰ ਕੀਤਾ। ਅਖਬਾਰਾਂ ਅੰਦਰ ਭਾਈ ਹਰੀ ਸਿੰਘ ਜੀ ਬੀ. ਏ. ਬੀ. ਟੀ ਸੈਕਿੰਡ ਮਾਸਟਰ ਖਾਲਸਾ ਸਕੂਲ ਗੜ੍ਹਦੀਵਾਲਾ ਜ਼ਿਲਾ ਹੁਸ਼ਿਆਰਪੁਰ ਵਾਲਿਆਂ ਨੇ ਪੰਥ ਦੇ ਵਿਦਵਾਨਾਂ ਨੂੰ ਵਿਦਯਾ ਪਰਨਾਲੀ ਸੰਬੰਧੀ ਖਰੜੇ ਬਨਾਵਣ ਲਈ ਅਪੀਲ ਕੀਤੀ। ਇਸਤੋਂ ਅਗੇ ਮੈਨੂੰ ਇਸ ਰੁਪਏ ਅਤੇ ਨਵੇਂ ਖੁਲੇ ਸਕੂਲਾਂ ਬਾਬਤ ਕੁਛ ਪਤਾ ਨਹੀਂ, ਸ਼ਾਇਦ ਕਈ ਪ੍ਰਾਇਮਰੀ ਸਕੂਲ ਖੋਹਲ ਦਿਤੇ ਗਏ ਹਨ।

ਸੰਨ ੧੯੨੯ ਵਿਚ ਇਕ ਸਿਖ ਬੀਬੀ ਦੇਵਿੰਦਰ ਕੌਰ ਗਰੇਵਾਲ ਨੇ ਐਮ. ਏ. ਸਾਈਕਾਲੋਜੀ ਦਾ ਇਮਤਿਹਾਨ ਦਿਤਾ। ਉਹ ਬੀਬੀ ਇਸ ਮਜ਼ਮੂਨ ਵਿਚ ਸਾਰੇ ਪੰਜਾਬ ਦੇ ਵਿਦਯਾਰਥੀਆਂ ਨਾਲੋਂ ਅਵਲ ਰਹੀ। ਇਹ ਪਹਿਲੀ ਬੀਬੀ ਹੈ, ਜਿਸਨੇ ਸਿਖ ਬੀਬੀਆਂ ਵਿਚੋਂ ਸਭ ਨਾਲੋਂ ਪਹਿਲਾਂ ਐਮ. ਏ. ਪਾਸ ਕੀਤਾ ਹੈ, ੧੯੩੦ ਅੰਦਰ ਇਸ ਬੀਬੀ ਨੂੰ ਗੌਰਮਿੰਟ ਔਫ ਇੰਡੀਆ ਨੇ ਵਲਾਇਤ ਦੀ ਪੜ੍ਹਾਈ ਲਈ ਵਜ਼ੀਫਾ ਦੇ ਦਿਤਾ ਅਤੇ ਅਜ ਕਲ

ਇਹ ਬੀਬੀ ਲੰਡਨ ਯੂਨੀਵਰਸਟੀ ਵਿਚ ਤਾਲੀਮ ਹਾਸਲ ਕਰ ਰਹੀ ਹੈ ।

—o—

ਅਨਿਨਜ ਗੁਰ ਸਿੱਖ, ਗੁਰਮੁਖ ਪਿਆਰੇ ਸ: ਧਰਮ ਸਿੰਘ ਜੀ ਠੇਕੇਦਾਰ ਦਿੱਲੀ ਅਤੇ ਗੁਰੂ ਨਾਨਕ ਵਿੱਦਯਾ ਭੰਡਾਰ

ਉਚਾਰਨ ਅਤੇ ਲਿਖਣ ਲਈ "ਤਿਆਗ" ਕੇਵਲ ਤਿੰਨ ਅਖਰਾਂ ਦਾ ਇੱਕ ਨਿਕਾ ਜਿਹਾ ਸ਼ਬਦ ਹੈ, ਪਰ ਇਸਦਾ ਮਨਨ ਧਾਰਨ ਅਤੇ ਗ੍ਰਹਿਣ ਲੱਖਾਂ ਵਿਚੋਂ ਕੋਈ ਕੋਈ ਪੁਰਸ਼ ਹੀ ਕਰ ਸਕਦਾ ਹੈ। ਪਦਾਰਥ ਔਲਾਦ, ਸੁਖ ਆਦਿ ਦੀ ਵਾਸ਼ਨਾ ਅਤੇ ਉਸ ਤੋਂ ਭੀ ਅੱਗੇ ਕਿਸੇ ਕਰਮ ਦੇ ਫਲ ਦੀ ਵਾਸ਼ਨਾਂ ਦਾ ਚਿੱਤ ਅੰਦਰ ਨਾ ਫੁਰਨਾ ਯਾ ਉਪਜਨ ਦਾ ਨਾਮ ਤਿਆਗ ਹੈ। ਇਸਦੇ ਅਸਲੀ ਅਰਥ ਉਹੀ ਪੁਰਸ਼ ਜਾਣਦੇ ਹਨ, ਜਿਨ੍ਹਾਂ ਨੇ ਤਿਆਗ ਕੀਤਾ ਹੈ। ਐਸੇ ਤਿਆਗੀ, ਵੈਰਾਗੀ ਅਤੇ ਗੁਰਮੁਖ ਮਾਯਾ ਵਿੱਚ ਉਦਾਸੀ ਵਾਲੀ ਪੰਗਤੀ ਦੇ ਗੁਰ ਸਿੱਖਾਂ ਵਿੱਚੋਂ ਅਗਲੀ ਕਤਾਰ ਵਿੱਚ ਭਾਈ ਧਰਮ ਸਿੰਘ ਜੀ ਭੀ ਹਨ । ਆਪ ਨੂੰ ਜੋ ਖਾਲਸਾ ਪੰਥ ਦਾ ਰਾਜਾ ਕਰਨ ਕਿਹਾ ਜਾਵੇ ਤਾਂ ਹੀ ਠੀਕ ਢੁਕਦਾ ਹੈ। ਕਦੀ ਭੀ ਕੋਈ ਕੌਮੀ ਸੇਵਾ ਕਰਨ ਵਾਲਾ ਫਕੀਰ ਗੁਰ ਸਿੱਖ ਆਪ ਦੇ ਦਰੋਂ ਖਾਲੀ ਨਹੀਂ ਆਇਆ । ਆਪ ਜੀ ਦਿੱਲੀ ਦੇ ਇੱਕ ਵਡੇ ਭਾਗੀ ਠੇਕੇਦਾਰ ਹਨ। ਆਮ ਕਹਾਵਤ ਅਨੁਸਾਰ ਆਪ ਜੀ ਮਾਯਾ ਦੇ ਪਤੀ ਹਨ। ਸੱਪ ਵਾਂਕਰ ਉਸ ਉਤੇ ਧਰਨਾ ਹੀ ਨਹੀਂ ਮਾਰ ਬੈਠੇ ਸਗੋਂ ਇਸ ਨਾਲ ਖਾਲਸਾ ਪੰਥ ਦੀ ਸੇਵਾ ਭੀ ਕਰਦੇ ਹਨ।

ਮਾਇਆ ਭੀ ਇਹਨਾਂ ਦੇ ਪੈਰ ਚੁੰਮਦੀ ਹੈ ਅਤੇ ਇਹ ਭੀ ਉਸਨੂੰ ਪੈਰ ਦੀ ਠੋਕਰ ਨਾਲ ਹੀ ਠੁਕਰਾ ਛੱਡਦੇ ਹਨ । ਇਹ ਹੈ

ਅਸਲੀ ਤਿਆਗ ਅਤੇ ਅਸਲੀ ਤਿਆਗੀ ਜੀਵਨ ਵੀਹਵੀਂ ਸਦੀ ਅੰਦਰ ਧਨਾਢ ਸਿੱਖਾਂ ਵਿਚੋਂ ਰਾਜਿਆਂ ਮਹਾਰਾਜਿਆਂ ਨੂੰ ਛੱਡਕੇ ਜਿਤਨਾ ਰੁਪਿਆ ਪੰਥ ਸੇਵਾ ਹਿਤ ਭਾਈ ਧਰਮ ਸਿੰਘ ਜੀ ਨੇ ਪੰਥ ਨੂੰ ਅਰਦਾਸ ਕਰਾਇਆ ਹੈ ਹੋਰ ਕਿਸੇ ਨੇ ਸ਼ਾਇਦ ਹੀ ਭੇਟਾ ਕੀਤਾ ਹੋਵੇ। ਆਪ ਜੀ ਨੇ ੪ ਲੱਖ ਰੁਪਈਏ ਦੀ ਭਾਰੀ ਰਕਮ ਦਾ ਇਕ ਟਰਸਟ ਬਣਾਇਆ ਹੈ ਜਿਸਦਾ ਮੰਤਵ ਸਿੱਖ ਬੱਚਿਆਂ ਅੰਦਰ ਵਿੱਦਯਾ ਪ੍ਰਚਾਰ ਕਰਨ ਦਾ ਹੈ ਸਰਦਾਰ ਸਾਹਿਬ ਜੀ ਗੁਰ-ਮੁਖੀ ਵਿੱਦਯਾ ਦੇ ਹਾਮੀ ਹਨ ਅਤੇ ਸਿਖ ਟਰਸਟ ਵਿਚੋਂ ਮਦਦ ਭੀ ਉਹਨਾਂ ਹੀ ਲੜਕੇ ਲੜਕੀਆਂ ਦੇ ਸਕੂਲਾਂ ਨੂੰ ਦਿਤੀ ਜਾਂਦੀ ਹੈ, ਜਿਥੇ ਗੁਰਮੁਖੀ ਵਿਦਯਾ ਪੜ੍ਹਾਈ ਜਾਂਦੀ ਹੈ, ਇਸ ਵਕਤ ਇਹ ਟਰਸਟ ਕੋਈ ੧੦੦ ਦੇ ਕਰੀਬ ਪਾਠਸ਼ਾਲਾਂ ਨੂੰ ਬਾਕਾਇਦਾ ਮਦਦ ਦੇ ਰਿਹਾ ਹੈ। ਜਿਨਾਂ ਵਿਚ ਪੰਥ ਦੇ ਕਈ ਹਜ਼ਾਰ ਬਚੇ ਬਚੀਆਂ ਤਾਲੀਮ ਪਾ ਰਹੇ ਹਨ, ਪ੍ਰਮਾਤਮਾਂ ਕਰੇ, ਜੋ ਐਸੇ ਉਚ ਜੀਵਨ ਵਾਲੇ ਗੁਰਸਿਖਾਂ ਦੀਆਂ ਘਾਲਾਂ ਦਵਾਰਾ ਹੀ ਸਿਖ ਇਸਤ੍ਰੀਆਂ ਤਰੱਕੀ ਕਰਨ ਅਤੇ ਖਾਲਸਾ ਪੰਥ ਨੂੰ ਔਣ ਵਾਲੇ ਕਾਲੇ ਦਿਨਾਂ ਦੇ ਖਤਰੇ ਤੋਂ ਬਚਾ ਲੈਣ, ਮੈਂ ਸਰਦਾਰ ਸਾਹਿਬ ਜੀ ਅਗੇ ਬੜੇ ਅਦਬ ਨਾਲ ਬੇਨਤੀ ਕਰਦਾ ਹਾਂ ਕਿ ਉਹ ਆਪਣੇ ਅਮੋਲਕ ਵਕਤ ਵਿਚੋਂ ਬਚਾਕੇ ਵਿਦਯਾ ਭੰਡਾਰ ਦੀ ਨਿਗਰਾਨੀ ਭੀ ਖੁਦ ਕੀਤਾ ਕਰਨ।

—o—

ਸਿਖ ਕੰਨਿਆਂ ਮਹਾਂ ਵਿਦਯਾਲਾ ਫੀਰੋਜ਼ਪੁਰ !

ਗੁਰੂ ਜੀ ਦੀ ਪਵਿਤ੍ਰ ਸਿਖਸ਼ਾ ਦਾ ਅੰਕਸ਼ ਸਾਸਗਰਾਸ ਚਿਤ ਰਖਕੇ ਨਾਮ ਅਤੇ ਸਿਮਰਨ ਦੁਆਰਾ ਆਪਣਾ ਜੀਵਨ ਸਫਲ ਕਰਨ ਵਾਲੇ ਸਚੇ ਸਿਖ ਗੁਰੂ ਖਾਲਸਾ ਪੰਥ ਅੰਦਰ ਬਹੁਤ ਸਾਰੇ ਹਨ। ਸਚੇ ਸਤਿਗੁਰਾਂ ਦੀ ਕਸੌਟੀ ਮਰ-ਜੀਵਾ ਹੋਕੇ ਟਿਕਣ ਵਾਲੇ ਸੇਵਾ ਦੀਆਂ ਭਿਆਨਕ ਅਤੇ ਦੁਖਦਾਈ ਖਾਈਆਂ ਨੂੰ ਉਲੰਘਕੇ

ਕਰਨ ਵਾਲੇ ਗੁਰੂ ਕੇ ਲਾਲ ਵਿਰਲੇ ਹੀ ਹਨ ਨਾਮ, ਸ਼ੁਹਰਤ ਅਤੇ ਸੁਖ ਦੀ ਇੱਛਾ ਪ੍ਰਾਨੀ ਮਾਤ੍ਰ ਦਾ ਕੁਦਰਤੀ ਸੁਭਾਵ ਹੈ ਅਤੇ ਬਹੁਤ ਸਾਰੇ ਇਹਨਾਂ ਗੱਲਾਂ ਨੂੰ ਹੀ ਮੁਖ ਰੱਖਕੇ ਕਿਸੇ ਪੰਥਕ ਕੰਮ ਵਿਚ ਜੁਟਦੇ ਹਨ, ਪਰ ਕਿਤੇ ਕਿਤੇ ਅੰਨ੍ਹੇਰੀ ਰਾਤ ਅੰਦਰ ਟਿਮਕਦੇ ਟਟਹਿਣਿਆਂ ਵਾਂਕਰ ਐਸੇ ਗੁਰਮੁਖ ਪੰਥ ਸੇਵਕ ਭੀ ਹਨ ਜੋ ਚੌਰਾਸੀ ਦੀ ਉਸਤਤ ਨਿੰਦਾ ਦੋਨਾਂ ਨੂੰ ਤਿਆਗਕੇ ਖੁਦਾ ਦੀ ਖਲਕਤ ਦੀ ਸੇਵਾ ਕਰਨਾ ਹੀ ਆਪਣਾ ਮੁਖ ਮੰਤ੍ਵ ਸਮਝਦੇ ਹਨ।

ਇਹਨਾਂ ਸਿੱਖ ਪੰਥ ਦੇ ਗੁੱਝੇ ਲਾਲਾਂ ਚਮਕਦਿਆਂ ਹੀਰਿਆਂ ਅਤੇ ਨਿਸ਼ਕਾਮ ਸੇਵਾ ਕਰਨ ਵਾਲਿਆਂ ਦੇ ਸਿਰਤਾਜ "ਜਿੰਦਾ ਸ਼ਹੀਦ" ਭਾਈ ਤਖਤ ਸਿੰਘ ਜੀ ਮੈਨੇਜਰ ਸਿੱਖ ਕੰਨਿਆਂ ਮਹਾਂ ਵਿਦਿਆ-ਲਯ ਫ਼ੀਰੋਜ਼ਪੁਰ ਹਨ ਇਹਨਾਂ ਦੀਆਂ ਬੇਅੰਤ ਕੋਸ਼ਸ਼ਾਂ ਲੱਖਾਂ ਘਾਲਾਂ ਅਤੇ ਹਜ਼ਾਰਾਂ ਦੁਖਾਂ ਅਤੇ ਪੀੜਾਂ ਅੰਦਰ ਸ਼ੁਕਰ ਸ਼ੁਕਰ ਕਰਨ ਦਾ ਸਿੱਟਾ ਸਿੱਖ ਕੰਨਿਆਂ ਮਹਾਂ ਵਿੱਦਆਲਯ ਹੈ, ।ਇਸ ਵਿਦਯਾਲਯ ਦੀ ਬਿਲਡਿੰਗ ਦੀ ਸ਼ਾਨਦਾਰ ਇਮਾਰਤ ਦੀ ਇੱਕ ਇੱਕ ਇੱਟ ਪੁਕਾਰ ਪੁਕਾਰਕੇ ਕਹਿ ਰਹੀ ਹੈ ਕਿ ਇਹ ਚੂਨੇਗੱਚ ਇਮਾਰਤਾਂ ਸ਼ਹੀਦ ਦੇ ਦਿਲ ਦੀ ਰੱਤ ਦਾ ਗਾਰਾ ਕਰਕੇ ਅਤ ਸੇਵਕਾਂ ਦੀ ਮਿੱਝ, ਹੱਡੀਆਂ ਦੀਆਂ ਇੱਟਾਂ ਪੱਥਕੇ ਬਣਾਈਆਂ ਗਈਆਂ ਹਨ ।

ਭਾਈ ਤੁਖਤ ਸਿੰਘ ਜੀ ਦਾ ਜਨਮ ਸੰਨ ੧੮੬੦ ਈਸਵੀ ਅੰਦਰ ਸ਼ਹਿਰ ਫੀਰੋਜ਼ਪੁਰ ਵਿਖੇ ਹੋਇਆ ਇਹਨਾਂ ਦਾ ਅਸਲੀ ਨੱਗਰ ਭਰੋਵਾਲ ਜ਼ਿਲਾ ਲੁਧਹਾਨਾ ਹੈ ਖੋਸੇ ਜੱਟਾਂ ਦੀ ਔਲਾਦ ਵਿਚੋਂ ਹਨ। ਇਹਨਾਂ ਦੇ ਪਿਤਾ ਭਾਈ ਦੇਵਾ ਸਿੰਘ ਜੀ ਨਿਹੰਗ ਭਾਈ ਸਾਹਿਬ ਜੀ ਦੇ ਜਨਮ ਸਮੇਂ ਕੋਰਟ ਸਾਹਿਬ ਪਾਸ ਫੀਰੋਜ਼ਪੁਰ ਨੌਕਰ ਹੁੰਦੇ ਸਨ ਨਿਹੰਗ ਸਾਹਿਬ ਪੁਰਾਤਨ ਸਿੱਖਾਂ ਵਾਂਕਰ ਬੜੇ ਹੀ ਭਜ-ਨੀਕ ਅਤੇ ਪਰਉਪਕਾਰੀ ਜੀਊੜੇ ਸਨ, ਆਪ ਜੀ ਦਾ ਦਰਵਾਜ਼ਾ ਹਰ ਇੱਕ ਗੁਰ ਸਿੱਖ ਅਤੇ ਦੁਖੀ ਆਦਮੀ ਲਈ ਖੁਲ੍ਹਾ ਸੀ,। ਲੰਗਰ ਅਤੁੱਟ ਵਰਤਦਾ ਸੀ ਵਿਤ ਅਨੁਸਾਰ ਦਾਨ ਭੀ ਕਰਦੇ ਸਨ ਭਾਈ ਦੇਵਾ ਸਿੰਘ ਜੀ ਨਿਹੰਗ ਦੇ ਭਜਨ ਅਤੇ ਉਹਨਾ ਦੀ ਸੁਪੱਤਨੀ ਦੀ ਸੰਗਤਾਂ ਦੀ ਸੇਵਾ ਦਾ ਫਲ ਵਾਹਿਗੁਰੂ ਨੇ ਭਾਈ ਤਖਤ ਸਿੰਘ

ਸੀ ਜੈਸੇ ਅਮੋਲਕ ਪੰਥ ਰਤਨ ਦੀ ਸ਼ਕਲ ਵਿੱਚ ਦਿੱਤਾ। ਨਿਹੰਗ ਜੀ ਦੀ ਘੋਰ ਤਪੱਸਿਆ ਦਾ ਨਤੀਜਾ ਹੈ ਕਿ ਅਜ ਭਾਈ ਤਖਤ ਸਿੰਘ ਜੀ ਦਾ ਨਾਮ ਪੰਥ ਅੰਦਰ "ਜ਼ਿੰਦਾ ਸ਼ਹੀਦ" ਕਰਕੇ ਪ੍ਰਸਿੱਧ ਹੈ ਇਕ ਵਾਰ ਤਾਂ ਵਿਰੋਧੀਆਂ ਦੇ ਮਨ ਅਤੇ ਸਿਰ ਭੀ ਭਾਈ ਤਖਤ ਸਿੰਘ ਜੀ ਦੀ "ਅਹਿਰਨ ਸਿਰ ਦੇਕੇ ਉਭੀ ਸੇਵਾ ਕਰਨ" ਦੀ ਤਪੱਸਿਆ ਅੱਗੇ ਝੁਕ ਜਾਂਦੇ ਹਨ।

ਭਾਈ ਸਾਹਿਬ ਜੀ ਦਾ ਜਨਮ ਸਵਾ ਪਹਿਰ ਰਾਤ ਰਹਿੰਦੀ ਤੋਂ ਜਿਸ ਵੇਲੇ ਗੁਰ ਸਿੱਖਾਂ ਲਈ ਸਾਵਧਾਨ ਹੋਕੇ ਨਾਮ ਜਪਨ ਦਾ ਹੁਕਮ ਹੈ, ਹੋਇਆ ਇਹਨਾਂ ਦੇ ਜਨਮ ਸਮੇਂ ਇੱਕ ਬੜੀ ਹੀ ਬਚਿੱਤ੍ਰ ਘਟਨਾ ਹੋਈ ਜਿਸ ਤੋਂ ਪਤਾ ਲਗਦਾ ਸੀ ਕਿ ਸੱਚ ਮੁੱਚ ਭਾਈ ਤਖਤ ਸਿੰਘ ਜੀ ਭੀ ਗੁਰੂ ਕਲਗ਼ੀ ਵਾਲੇ ਦੇ ਨਿਕਟਵਾਸੀ ਸ਼ਹੀਦ ਸਿੰਘਾਂ ਵਿਚੋਂ ਸਨ ਅਤੇ ਹਨ। ਬਾਲਪੁਣੇ ਵਿਚ ਹੀ ਭਾਈ ਸਾਹਿਬ ਜੀ ਬਹੁਤ ਹਠੀ ਸਨ ਤੇ ਦੁਖ, ਸੁਖ, ਤਕਲੀਫ ਨੂੰ ਆਪਣੇ ਵਿਚ ਹੀ ਸਮਾ ਜਾਂਦੇ, ਗੁਰਮੁਖੀ ਵਿਦਯਾ ਆਪ ਜੀ ਨੇ ਬਾਬਾ ਵੀਰ ਸਿੰਘ ਜੀ ਸਾਧੂ ਫੀਰੋਜ਼ਪੁਰ ਵਾਲਿਆਂ ਪਾਸੋਂ ਪੜ੍ਹੀ ਸੁੱਚ ਆਤਮਾ ਅਤੇ ਨੇਕ ਮਹਾਤਮਾ ਨੇ ਆਪਨੇ ਸ਼ਿਸ਼ ਦੇ ਮਨ ਉਤੇ ਭਗਤੀ, ਪ੍ਰੇਮ, ਪਰ-ਹਿਤ ਸੇਵਾ ਅਤੇ ਦੁਖ ਸੁਖ ਨੂੰ ਸਮਕਰ ਸਮਝਣ ਦੇ ਅਮਿਟ ਅਖਸ਼ਰ ਲਿਖ ਦਿਤੇ।

ਉਹਨਾਂ ਦਿਨਾਂ ਵਿਚ ਸਿੰਘ ਸਭਾ ਲਹਿਰ ਅਜੇ ਚੱਲੀ ਹੀ ਸੀ ਭਾਈ ਸਾਹਿਬ ਜੀ ਨੂੰ ਗੁਰ ਸਿਖੀ ਦਾ ਪ੍ਰੇਮ ਸੀ ਸੋ ਭਾਈ ਸਾਹਿਬ ਜੀ ਨੇ ਸਾਧੂ ਰਾਮੇ ਰਾਮ ਦੀ ਚਲਾਈ ਹੋਈ ਸਿੰਘ ਸਭਾ ਅੰਦਰ ਕੰਮ ਕਰਨਾ ਸ਼ੁਰੂ ਕੀਤਾ ਇਤਨੀ ਕਠਨ ਸੇਵਾ ਉਠਾਂਦੇ ਕਿ ਸਾਧੂ ਰਾਮੇ ਰਾਮ ਜੀ ਕਹਿਆ ਕਰਦੇ ਸਨ "ਅਰੇ ਲੜਕੇ ਤੂੰ ਸਾਰੀ ਸਾਰੀ ਰਾਤ ਬੜੇ ਕੋ ਲੀਪਤਾ ਰਹਿਤਾ ਹੈ ਐਸਾ ਨਾ ਕੀਆ ਕਰੋ, ਮਰ ਜਾਓਗੇ" ਨੇਕ ਫਕੀਰ ਅਤੇ ਰੱਬ ਦੇ ਪਿਆਰੇ ਸਾਧੂ ਦੇ ਵਾਕ ਸਚ ਹੋਏ ਅਤੇ ਭਾਈ ਤਖਤ ਸਿੰਘ ਜੀ "ਜ਼ਿੰਦਾ ਸ਼ਹੀਦ" ਯਾ ਮਰ ਜੀਊੜੇ ਦੇ ਨਾਮ ਤੇ ਪੰਥ ਅੰਦਰ ਪ੍ਰਸਿੱਧ ਹਨ ਸਾਧੂ ਰਾਮੇ ਰਾਮ ਦੀ ਸੰਗਤ ਨੇ ਭਾਈ ਸਾਹਿਬ ਜੀ ਉਤੇ ਬਹੁਤ ਅਸਰ ਕੀਤਾ।

ਇਨੀਂ ਦਿਨੀਂ ਵਿਚ ਹੀ ਪਰੋਫੈਸਰ ਗੁਰਮੁਖ ਸਿੰਘ ਜੀ ਸਿੰਘ ਸਭਾ ਲਹਿਰ ਦੇ ਮੋਢੀ, ਖਾਲਸਾ ਦੀਵਾਨ ਦੇ ਚੀਫ ਸਕੱਤ੍ਰ ਦੀ ਹੈਸੀਅਤ ਵਿਚ ਸਿੰਘ ਸਭਾ ਫੀਰੋਜ਼ਪੁਰ ਦਾ ਕੰਮ ਦੇਖਣ ਆਏ ਅਤੇ ਭਾਈ ਤਖਤ ਸਿੰਘ ਜੀ ਨੂੰ ਉਹ ਆਪਣੇ ਨਾਲ ਹੀ ਲੈ ਗਏ, ਭਾਈ ਸਾਹਿਬ ਜੀ ੧੯ ਅਪ੍ਰੈਲ ੧੮੮੫ ਨੂੰ ਓਰੀਐਂਟਲ ਕਾਲਜ ਵਿਚ ਦਾਖਲ ਹੋ ਗਏ। ੫ ਬਰਸ ਆਪ ਜੀ ਨੇ ਪਰੋਫੈਸਰ ਸਾਹਿਬ ਹੁਰਾਂ ਪਾਸ ਰਹਿਕੇ ਵਿਦਯਾ ਪ੍ਰਾਪਤ ਕੀਤੀ। ਇਸਤੋਂ ਉਪ੍ਰੰਤ ਮੁੜ ਫੇਰ ਫ਼ੀਰੋਜ਼ਪੁਰ ਆ ਗਏ ਅਤੇ ਸਿੰਘ ਸਭਾ ਵਿਚ ਕੰਮ ਕਰਨਾ ਸ਼ੁਰੂ ਕੀਤਾ।

ਸੰਨ ੧੮੯੦ ਈਸਵੀ ਵਿਚ ਭਾਈ ਸਾਹਿਬ ਜੀ ਨੇ ਸਿਖ ਬਚੀਆਂ ਨੂੰ ਧਾਰਮਕ ਵਿਦਯਾ ਪੜ੍ਹਾਵਣ ਲਈ ਮਹੱਲਾ ਸੋਢੀਆਂ ਵਿਚ ਇਕ ਥੜੇ ਉਤੇ ਬੈਠਕੇ ਪਾਠਸ਼ਾਲਾ ਖੋਹਲ ਲਈ। ਸਿੰਘ ਸਭਾ ਫ਼ੀਰੋਜ਼ਪੁਰ ਅੰਦਰ ਭਾਈ ਸਾਹਿਬ ਜੀ ਨੇ ਅਟੁਟ ਸੇਵਾ ਕੀਤੀ, ਇਸਤੋਂ ਪਿਛੋਂ ਭਾਈ ਸਾਹਿਬ ਜੀ ਦਾ ਮਨਸ਼ਾ ਲੜਕੀਆਂ ਦਾ ਸਕੂਲ ਖੋਹਲਣ ਦਾ ਹੋਇਆ। ਇਸ ਗਲ ਨੂੰ ਤੋੜ ਚਾੜ੍ਹਣ ਲਈ ਉਨਾਂ ਸਿੰਘ ਸਭਾ ਦੇ ਕਈ ਮੈਂਬਰਾਂ ਦੀ ਸਲਾਹ ਲਈ। ਸਰਦਾਰ ਚੰਦਾ ਸਿੰਘ, ਗੁਰਮੁਖ ਸਿੰਘ ਅਤੇ ਬਿਸ਼ਨ ਸਿੰਘ ਜੀ ਵਕੀਲ ਦੀ ਸਹਾਇਤਾ ਨਾਲ ੫ ਨਵੰਬਰ ੧੮੯੨ ਈਸਵੀ ਨੂੰ ਕੰਨਿਆਂ ਪਾਠਸ਼ਾਲਾ ਖੋਹਲੀ ਗਈ।

ਜਿਸ ਦਿਨ ਸਕੂਲ ਖੁਲਾ ਉਸ ਦਿਨ ਹਾਜ਼ਰੀ ਕੇਵਲ ੫ ਹੀ ਲੜਕੀਆਂ ਦੀ ਸੀ, ਉਨਾਂ ਦਿਨਾਂ ਵਿਚ ਲੋਗਾਂ ਨੂੰ ਲੜਕੀਆਂ ਪੜ੍ਹਾਵਣ ਦਾ ਸ਼ੌਕ ਬਹੁਤ ਹੀ ਘਟ ਸੀ ਪਰ ਜਿਉਂ ਜਿਉਂ ਭਾਈ ਸਾਹਿਬ ਜੀ ਦੇ ਸਤਯਾਚਾਰ ਅਤੇ ਸਾਰੇ ਸਦੇਗੁਣਾਂ ਦੀ ਸੁਗੰਧੀ ਚੰਦਨ ਵਾਸ ਵਾਕਰ ਖਿਲਰਦੀ ਗਈ, ਲੋਕੀ ਆਪਣੀਆਂ ਪੁਤ੍ਰੀਆਂ ਨੂੰ ਇਨਾਂ ਦੀ ਪਾਠਸ਼ਾਲਾ ਅੰਦਰ ਘਲਣਾ ਮਾਣ ਸਮਝਣ ਲਗ ਪਏ। ੧੫ ਮਾਰਚ ੧੮੯੩ ਨੂੰ ਸਕੂਲ ਅੰਦਰ ਪੜ੍ਹਣ ਵਾਲੀਆਂ ਬੀਬੀਆਂ ਦੀ ਪ੍ਰੀਖਿਆ ਸਿੰਘ ਸਭਾ ਦੇ ਚਾਰ ਪਤਵੰਤੇ ਸਜਣਾਂ ਨੇ ਲਈ ਅਤੇ ਅਧਿਆਪਕਾਂ ਦੀ ਬੜੀ ਸ਼ਲਾਘਾ ਕੀਤੀ।

ਭਾਈ ਸਾਹਿਬ ਜੀ ਦਾ ਅਨੰਦ ਕਾਰਜ ੮ ਮਈ ੧੮੯੪ ਨੂੰ

ਬੀਬੀ ਹਰਨਾਮ ਕੌਰ (ਸਿੱਧੂ ਗੋਤ ਜਟਾਂ ਦੀ ਲੜਕੀ) ਨਾਲ ਹੋਇਆ। ਇਸ ਬੀਬੀ ਨੇ ਖਾਲਸਾ ਪੰਥ ਦੀ ਇਸਤ੍ਰੀ ਜਾਤੀ ਦੀ ਅਤੁਟ ਸੇਵਾ ਕੀਤੀ ਹੈ, ਇਸਦਾ ਜੀਵਨ ਭਾਈ ਕਰਮ ਸਿੰਘ ਜੀ "ਗੁਰਪੁਰਨਿਵਾਸੀ" ਪ੍ਰਸਿੱਧ ਸਿੱਖ ਹਿਸਟੋਰੀਅਨ ਨੇ ਆਪਣੀ ਪੁਸਤਕ "ਬੀਬੀ ਹਰਨਾਮ ਕੌਰ" ਵਿਚ ਲਿਖਿਆ ਹੈ ਬੀਬੀ ਜੀ ਵਿਦਵਾਨ ਸੀਲ ਸੁਭਾਵ ਵਾਲੇ ਅਤੇ ਨੇਕ ਸਨ। ਆਪਣੇ ਪਤੀ ਜੀ ਦੀ ਸਹਾਇਤਾ ਤਨੋਂ ਮਨੋਂ ਕੀਤੀ ਵਿਤੋਂ ਵਧਕੇ ਸੇਵਾ ਕੀਤੀ ਅਤੇ ਦੁਖ ਝੱਲੇ ਅਤੇ ਇਹ ਦੋਨੋਂ ਕਾਰਨ ਹੀ ਉਹਨਾਂ ਦੇ ਬੇ-ਵਕਤ ਮੌਤ ਦੇ ਸਨ, ਉਹਨਾਂ ਦੇ ਮਨ ਅੰਦਰ ਇਸਤ੍ਰੀ ਜਾਤੀ ਦੇ ਦੁਖਾਂ ਨੂੰ ਨਿਵਾਰਨ ਦੀ ਇੱਕ ਤਾਂਘ ਸੀ ਇਸ ਲਈ ਉਹਨਾਂ ਨੇ ਆਪਣੇ ਪਤੀ ਜੀ ਦੀ ਸਲਾਹ ਨਾਲ "ਇਸਤ੍ਰੀ ਸਿਖਯਾ" ਨਾਮੇ ਇਕ ਮਾਸਕ ਪੱਤ੍ਰ ਕੱਢਣ ਦੀ ਦਲੀਲ ਕੀਤੀ, ਪਰ ਭਾਈ ਦਿੱਤ ਸਿੰਘ ਜੀ ਗਯਾਨੀ ਦੇ ਕਹਿਣ ਅਨੁਸਾਰ ਇਸ ਕੰਮ ਨੂੰ ਛੱਡ ਦਿੱਤਾ ਗਿਆ।

ਸੁਵਾਰਥੀ ਪੁਰਸ਼ਾਂ ਦੇ ਦ੍ਵੈਖ ਅਤੇ ਈਰਖਾ ਦੇ ਕਾਰਨ ਸਿੰਘ ਸਭਾ ਫੀਰੋਜ਼ਪੁਰ ਦੇ ਦੋ ਧੜੇ ਹੋ ਗਏ ਇੱਕ ਧੜੇ ਨੇ ਸਰਦਾਰ ਬਿਸ਼ਨ ਸਿੰਘ ਜੀ ਹੁਰਾਂ ਦੇ ਧੜੇ ਉਤੇ ਨੁਕਤਾਚੀਨੀ ਸ਼ੁਰੂ ਕੀਤੀ। ਭਾਈ ਤਖਤ ਸਿੰਘ ਜੀ, ਬੀਬੀ ਹਰਨਾਮ ਕੌਰ ਅਤੇ ਉਹਨਾਂ ਦੀ ਕੰਨਿਆਂ ਪਾਠਸ਼ਾਲਾ ਭੀ ਕਮੀਨੇ ਆਦਮੀਆਂ ਦੇ ਕਮੀਨੇ ਹਮਲਿਆਂ ਤੋਂ ਨਾ ਬਚ ਸਕੇ ਖੰਭਾਂ ਦੀਆਂ ਡਾਰਾਂ ਬਨਾਈਆਂ ਗਈਆਂ ਰਾਈ ਦੇ ਪਹਾੜ ਬਣੇ, ਤੁਹਮਤਾਂ ਅਤੇ ਊਜਾਂ ਲਾਈਆਂ ਗਈਆਂ। ਕਈ ਈਰਖਾ ਕਰਕੇ ਕਈ ਦ੍ਵੈਖ ਕਰਕੇ ਕਈ ਦ੍ਵੈਖ ਤੋਂ ਅਤੇ ਕਈ ਕੇਵਲ ਸ਼ੌਕ ਤੋਂ ਹੀ ਭਾਈ ਸਾਹਿਬ ਅਤੇ ਕੰਨਿਆਂ ਪਾਠਸ਼ਾਲਾ ਦੇ ਵਿਰੋਧੀ ਹੋ ਗਏ, ਇਹਨਾਂ ਤਿੰਨਾਂ ਸਾਲਾਂ ਅੰਦਰ ਭਾਈ ਸਾਹਿਬ ਅਤੇ ਉਹਨਾਂ ਦੀ ਸੁਪੱਤਨੀ ਉਤੇ ਦੁੱਖਾਂ ਦੇ ਬੱਦਲ ਸਾਵਣ ਦੀਆਂ ਕਾਲੀਆਂ ਘਟਾਂ ਵਾਂਕਰ ਚੜ੍ਹ ਚੜ੍ਹ ਆਏ, ਪਰ ਭਾਈ ਸਾਹਿਬ ਜੀ ਅਡੋਲ ਰਹੇ ਅਖੀਰ ਸਬਰ ਦੀ ਭੀ ਹੱਦ ਹੁੰਦੀ ਹੈ, ਅਖੀਰੀ ਦੁਸ਼ਨਾਂ ਨੇ ਊਠ ਦੇ ਭਾਰ ਦੇ ਅਖੀਰੀ ਤੀਲੇ ਵਾਂਕਰ ਉਹਨਾਂ ਦੇ ਸਬਰ ਦੀ ਪਿੱਠ ਤੋੜ ਦਿਤੀ ਅਤੇ ਉਹ ਸਰਦਾਰ ਬਿਸ਼ਨ ਸਿੰਘ ਜੀ ਵਕੀਲ ਹੁਰਾਂ ਪਾਸ ਜਾਕੇ

ਭਰੇ ਹੋਏ ਸਮੇ ਚਾਕਰ ਫੁੱਟ ਫੁੱਟਕੇ ਰੋਏ ਅਤੇ ਸ਼ਾਮ ਨੂੰ ਗੁਰੂ ਗ੍ਰੰਥ ਸਾਹਿਬ ਜੀ ਹਜ਼ੂਰਇਹ ਅਰਦਾਸ ਕੀਤੀ "ਕਿ ਅੱਜ ਤੋਂ ਨਾ ਹੀ ਸਿੰਘ ਸਭਾ ਫੀਰੋਜ਼ਪੁਰ ਦਾ ਮੇਂਬਰ ਰਹਿਣਾ ਹੈ ਅਤੇ ਨਾ ਹੀ ਕਿਸੇ ਕਮੇਟੀ ਦੇ ਮਾਤੇਹਤ ਕੰਮ ਕਰਨਾ ਹੈ।"

ਭਾਈ ਸਾਹਿਬ ਅਤੇ ਉਨਾਂ ਦੀ ਸੁਪਤਨੀ ਨੇ ਸਿੰਘ ਸਭਾ ਤੋਂ ਅਡ ਹੋਕੇ ਕੰਮ ਕਰਨਾ ਸ਼ੁਰੂ ਕੀਤਾ, ਇਹ ਘਟਨਾ ੧੯੦੧ ਦੀ ਹੈ। ਵਿਰੋਧੀਆਂ ਨੇ ਹੁਣ ਇਥੋਂ ਤਕ ਸਲਾਹ ਕੀਤੀ ਜੋ ਭਾਈ ਸਾਹਿਬ ਜੀ ਨੂੰ ਜੁਬਲੀ ਧਰਮਸਾਲਾ ਵਿਚੋਂ ਹੀ ਕੱਢ ਦਿਤਾ ਜਾਵੇ ਅਤੇ ਉਨਾਂ ਨੂੰ ਜਦ ਫੇਰ ਕਿਤੇ ਸਿਰ ਲੁਕਾਉਣ ਨੂੰ ਜਗਾਨਹੀਂਮਿਲੇਗੀਤਾਂ ਓਹ ਆਪ ਹੀ ਸਕੂਲ ਦਾ ਕੰਮ ਛਡਕੇ ਚਲੇ ਜਾਣਗੇ, ਸਰਦਾਰ ਬਿਸ਼ਨ ਸਿੰਘ ਜੀ ਅਤੇ ਚੰਦਾ ਸਿੰਘ ਜੀ ਨੇ ਆਪਣਾ ਸਾਰਾ ਜ਼ੋਰ ਲਾਕੇ ਇਸ ਵਿਰੋਧੀ ਪਾਰਟੀ ਨੂੰ ਹਾਰ ਦਿਤੀ ਅਤੇ ਭਾਈ ਸਾਹਿਬ ਹੁਰਾਂ ੪ ਹਜ਼ਾਰ ਰੁਪਯਾ ਕਰਜ਼ ਲੈਕੇ ਨਵੀਂ ਜ਼ਮੀਨ (ਜਿਥੇ ਅਜ-ਕਲ ਬੋਰਡਿੰਗ ਹੈ, ਖਰੀਦਲਈ) ਲੜਕੀਆਂਦੀਗਿਣਤੀਵਧਦੀ ਗਈ ਅਤੇ ਅਪਰੈਲ ੧੯੦੪ ਵਿਚ ਬੋਰਡਿੰਗ ਖੋਹਲ ਦਿਤਾ ਗਿਆ ਅਤੇ ਬਾਹਰ ਤੋਂ ਪੜ੍ਹਨ ਆਵਣ ਵਾਲੀਆਂ ਭੁਜੰਗਣਾਂ ਦੇ ਰਹਿਣ ਦਾ ਪ੍ਰਬੰਧ ਕੀਤਾ ਗਿਆ।

ਅਖਬਾਰ ਖਾਲਸਾ ਸਮਾਚਾਰ ਦੇ ਸੰਪਾਦਕ ਨੇ ਸਕੂਲ ਅਤੇ ਬੋਰਡਿੰਗ ਦੀ ਸਹਾਇਤਾ ਸੰਬੰਧੀ ਬੜੇ ਹੀ ਵਧੀਆ ੨ ਲੇਖ ਲਿਖੇ ਅਤੇ ਲੋਕਾਂ ਨੇ ਸਹਾਇਤਾ ਦੇਣੀ ਸ਼ੁਰੂ ਕੀਤੀ। ਭਾਈ ਸਾਹਿਬ ਜੀ ਦੀਆਂ ਘਾਲਾਂ ਅਤੇ ਭੁਜੰਗਣ ਪਾਠਸ਼ਾਲਾ ਦੀ ਕੀਰਤੀ ਮਹਾਰਾਜਾ ਹੀਰਾ ਸਿੰਘ ਜੀ, ਮਹਾਰਾਜਾ ਨਾਭਾ ਪਾਸ ਪਹੁੰਚ ਚੁਕੀ ਸੀ। ਉਹ ੨੭ ਮਘਰ ੧੯੬੨ ਯਾ ਜਨਵਰੀ ੧੯੦੫ ਵਿਚ ਅੰਮ੍ਰਿਤਸਰ ਦੇ ਜਲਸੇ ਤੋਂ ਮੁੜਦੇ ਹੋਏ ਪਾਠਸ਼ਾਲਾ ਵਿਚ ਆਏ। ਸਰਦਾਰ ਬਿਸ਼ਨ ਸਿੰਘ ਜੀ ਅਤੇ ਚੰਦਾ ਸਿੰਘ ਹੁਰਾਂ ਸਾਰਾ ਪ੍ਰਬੰਧ ਪਹਿਲਾਂ ਹੀ ਕਰ ਛਡਿਆ ਸੀ। ਅਗਲੇ ਦਿਨ ਮਹਾਰਾਜਾ ਸਾਹਿਬ ਜੀ ਨੇ ਸਕੂਲ ਦੇਖਿਆ ਅਤੇ ਗਦ ਗਦ ਪ੍ਰਸੰਨ ਹੋਏ। ਭਾਈ ਤਖਤ ਸਿੰਘ ਜੀ ਹੁਰਾਂ ਪਾਸੋਂ ਪੁਛਿਆ "ਕਿ ਕੀ ਚਾਹੁੰਦੇ ਹੋ?" ਭਾਈ ਸਾਹਿਬ ਹੁਰਾਂ ਤ੍ਰਿੰਨ

ਹੇਠ ਲਿਖੀਆਂ ਅਭਿਲਾਖਾ ਪ੍ਰਗਟ ਕੀਤੀਆਂ:-

(੧) ਪਾਠਸ਼ਾਲਾ ਵਿਚ ਬੀਬੀਆਂ ਨੂੰ ਅੰਗ੍ਰੇਜ਼ੀ ਪੜ੍ਹਾਵਣ ਦਾ ਪ੍ਰਬੰਧ ਕੀਤਾ ਜਾਵੇ।

(੨) ਗਰੀਬ, ਯਤੀਮ ਭੁਝੰਗਣਾਂ ਦੇ ਲੰਗਰ ਆਦਿ ਦੇ ਖ਼ਰਚ ਦਾ ਪ੍ਰਬੰਧ ਕੀਤਾ ਜਾਵੇ।

(੩) ਬਾਹਰ ਤੋਂ ਪੜ੍ਹਣ ਔਣ ਵਾਲੀਆਂ ਲੜਕੀਆਂ ਲਈ ਬੋਰਡਿੰਗ ਹਾਊਸ ਬਣਾਇਆ ਜਾਵੇ।

ਮਹਾਰਾਜਾ ਸਾਹਿਬ ਜੀ ਨੇ ਪਹਿਲੇ ਦੋਨਾਂ ਕੰਮਾਂ ਲਈ ੧੦੦) ਸੋ ਰੁਪਿਆ ਮਹੀਨਾ ਦੇਣ ਦੀ ਪ੍ਰਸੰਸਾ ਪ੍ਰਗਟ ਕੀਤੀ ਅਤੇ ਕਹਿਆ ਕਿ ਉਹ ਖੁਦ ਮਹਾਰਾਜ ਸੰਗਰੂਰ ਪਾਸੋਂ ਬੋਰਡਿੰਗ ਦੀ ਇਕ ਬਾਹੀ ਅਤੇ ਮਹਾਰਾਜਾ ਪਟਿਆਲਾ ਪਾਸੋਂ ਦੋ ਬਾਹੀਆਂ ਬਨਵਾ ਦੇਣਗੇ ਅਤੇ ਜਦ ਉਨਾਂ ਨੂੰ ਇਹ ਪਤਾ ਲਗਾ ਕਿ ਬੀਬੀ ਹਰਨਾਮ ਕੌਰ ਸਿੱਧੂਆਂ ਦੀ ਧੀ ਹੈ, ਤਾਂ ਉਹ ਬਹੁਤ ਹੀ ਖ਼ੁਸ਼ ਹੋਏ, ਅਤੇ ਕਹਿਣ ਲਗੇ ਕਿ ਬਸ, ਇਹ ਤਾਂ ਸਾਡੀ ਹੀ ਤਰੀ ਦਾ ਸਕੂਲ ਹੈ, ਅਸੀਂ ਸਿਧੂ ਰਾਜਿਆਂ ਨੂੰ ਕਹਿਕੇ ਇਸ ਸਕੂਲ ਨੂੰ ਛੇਤੀ ਹੀ ਪਕੇ ਪੈਰਾਂ ਪਰ ਖੜਾ ਕਰ ਦੇਵਾਂਗੇ, ਪਰ ਕੁਦਰਤ ਨੂੰ ਇਹ ਬਾਤ ਮਨਜ਼ੂਰ ਨਹੀਂ ਸੀ। ਮਹਾਰਾਜਾ ਹੀਰਾ ਸਿੰਘ ਜੀ ਛੇਤੀ ਹੀ ਗੁਰਪੁਰੀ ਨੂੰ ਸਿਧਾਰ ਗਏ ਅਤੇ ਇਹ ਸਲਾਹ ਅੱਧ ਵਿਚਕਾਰ ਹੀ ਰਹਿ ਗਈ।

ਇਸ ਤੋਂ ਅਗੇ ਦੁਖਾਂ ਭਰੀ ਵਾਰਤਾ ਸ਼ੁਰੂ ਹੁੰਦੀ ਹੈ ਭਾਈ ਸਾਹਿਬ ਜੀ ਦੇ ਸਚੇ ਸਹਾਰੇ ਸਰਦਾਰ ਬਿਸ਼ਨ ਸਿੰਘ ਜੀ ਵਕੀਲ ੨੦ ਫਰਵਰੀ ੧੯੦੬ ਨੂੰ ਗੁਰਪੁਰੀ ਨੂੰ ਪਧਾਰ ਗਏ। ਆਪ ਜੀ ਦੀ ਅਕਾਲ ਮ੍ਰਿਤੂ ਪਰ ਖਾਲਸਾ ਸਮਾਚਾਰ ਨੇ ਲਿਖਿਆ:-

"ਤੁਰ ਗਏ, ਹਾਂ ਤੁਰ ਗਏ, ਜੋ ਕਰ ਰਹੇ ਉਪਕਾਰ ਥੇ!
ਚਲ ਬਸੇ, ਹਾਂ ਚਲ ਬਸੇ, ਜੋ ਪੰਥ ਦੇ ਗ਼ਮਖਾਰ ਥੇ!"

ਇਹ ਪਵਿੱਤ੍ਰ ਆਤਮਾ ਭਾਈ ਸਾਹਿਬ ਜੀ ਨੂੰ ਨੰਗੇ ਧੜ ਛੱਡਕੇ ਪ੍ਰਮਾਤਮਾ ਵਿਚ ਜਾ ਲਿਵਲੀਨ ਹੋਏ, ਇਸ ਸਮੇਂ ਬਾਹਰ ਦੀਆਂ ਸੰਗਤਾਂ ਵਲੋਂ ਕੋਈ ਸਹਾਇਤਾ ਨਾ ਆਈ ਅਤੇ ਆਸ਼੍ਰਮ

ਨੂੰ ਭਾਰੀ ਕਰਾਕੇ ਕੱਟਣੇ ਪਏ ਮਾਇਆ ਦੀ ਤੋਟ, ਸਰਦਾਰ ਬਿਸ਼ਨ ਸਿੰਘ ਜੀ ਦਾ ਵਿਛੋੜਾ, ਕਾਲਾ ਕਾਲਾ ਭਵਿੱਖਤ, ਇਹ ਸਾਰੀਆਂ ਗੱਲਾਂ ਜਮਦੂਤ ਬਣਕੇ ਭਾਈ ਸਾਹਿਬ ਜੀ ਦੇ ਰਾਹਾਂ ਵਿੱਚ ਆ ਖੜੀਆਂ ਹੋਈਆਂ। ਵੈਰੀਆਂ ਨੇ ਭੀ ਇਸ ਮੌਕੇ ਨੂੰ ਤਾੜਿਆ ਅਤੇ ਵਿਰੋਧਤਾ ਦੀ ਹੱਦ ਕਰ ਦਿੱਤੀ ਆਸ਼੍ਰਮ ਦੇ ਸਟਾਫ ਵਿ ੱ ਕੱਢੇ ਹੋਏ ਕਈ ਅਧਿਆਪਕਾਂ ਨੇ ਆਸ਼੍ਰਮ ਦੀ ਨਿੰਦਾ ਕਰਨ ਉਤੇ ਲੱਕ ਹੀ ਬੰਨ੍ਹ ਲਿਆ ਅੰਤੇ ਦਾਨੀ ਪੁਰਸ਼ਾਂ ਪਾਸ ਜਾਕੇ ਲੂਤੀਆਂ ਲਾਈਆਂ ਕਈ ਪੇਟ ਪਾਲੂਆਂ ਨੇ ਤਾਂ ਐਥੋਂ ਤਕ ਨੀਚਤਾ ਦਿਖਾਈ ਜੋ ਆਪਣੀਆਂ ਇਸਤ੍ਰੀਆਂ ਨੂੰ ਵਿਦਿਆਲਯ ਵਿੱਚ ਘੱਲਕੇ ਬੀਬੀਆਂ ਨੂੰ ਉਲਟੇ ਰਸਤੇ ਪੌਣ ਦੇ ਜਤਨ ਕੀਤੇ ਅਤੇ ਸਕੂਲ ਵਿੱਚ ਹੜਤਾਲ ਕਰਾਉਣ ਦੀਆਂ ਕੋਸ਼ਸ਼ਾਂ ਕੀਤੀਆਂ, ਕਈਆਂ ਨੇ ਸਾਕ ਨਾਤੇ ਭੀ ਮੰਗੇ, ਪਰ ਕੂੜ ਨ ਪੁਜੇ ਸਚ ਨੂੰ ਸੌ ਘਾੜਤਘੜੀਏ। ਦੇ ਵਾਕ ਅਨੁਸਾਰ ਵਿਰੋਧੀਆਂ ਦੀ ਕੋਈ ਪੇਸ਼ ਨ ਚੱਲੀ ਪੰਥ ਨੇ ਭਾਈ ਸਾਹਿਬ ਜੀ ਦੀਆਂ ਘਾਲਾਂ ਵੇਖਕੇ ਫੇਰ ਸਹਾਇਤਾ ਦੇਣੀ ਸ਼ੁਰੂ ਕੀਤੀ ਅਤੇ ਆਸ਼੍ਰਮ ਫੇਰ ਚੰਗੀ ਹਾਲਤ ਵਿੱਚ ਚੱਲਣ ਲੱਗਾ।

੧੫ ਜੁਲਾਈ ੧੯੦੬ ਈਸਵੀ ਤੋਂ ਇਸ ਆਸ਼ਰਮ ਵਿਚ ਅੰਗ੍ਰੇਜ਼ੀ ਜ਼ਬਾਨ ਦੀ ਪੜ੍ਹਾਈ ਸ਼ੁਰੂ ਕੀਤੀ ਗਈ ਅਤੇ ਬਾਬਾ ਕਾਹਨ ਸਿੰਘ ਜੀ ਨੂੰ ੨੫) ਦਮੜੇ ਮਾਹਵਾਰ ਤੇ ਅੰਗਜ਼ੀ ਪੜ੍ਹਾਵਣ ਲਈ ਰਖਿਆ ਗਿਆ।

"ਸੇਵਾ ਕਰਦੇ ਚਲ ਬਸੇ ਦੀਆ ਬਿਹੋਂ ਦਾਗ॥
ਮਾਲਣ ਜੀ ਕਿਉਂ ਟੁਰ ਗਏ ਸੁਕ ਨਾ ਜਾਵੇ ਬਾਗ॥"

ਸਿਆਣਿਆਂ ਨੇ ਲਿਖਿਆ ਹੈ ਕਿ ਮੁਸ਼ੀਬਤ ਇਕੱਲੀ ਨਹੀਂ ਆਂਵਦੀ, ਇਹੀ ਗਲ ਇਸ ਆਸ਼ਰਮ ਨਾਲ ਹੋਈ। ਪਹਿਲੀ ਅਕਤੂਬਰ ੧੯੦੭ ਨੂੰ ਬੀਬੀ ਹਰਨਾਮ ਕੌਰ ਜੀ ਸਦਾ ਲਈ ਮਿਠੀ ਨੀਂਦ ਸੌਂ ਗਏ ਅਤੇ ਇਸ ਸਾਲ ਹੀ ਭਾਈ ਕਾਹਨ ਸਿੰਘ ਜੀ ਵੀ ਇਸ ਅਸਾਰ ਸੰਸਾਰ ਤੋਂ ਚਲਾਣਾ ਕਰ ਗਏ।

ਇਸ ਤੋਂ ਕੁਛ ਸਮੇਂ ਪਿਛੋਂ ਇਕ ਧਰਮਾਤਮਾ ਪੁਰਸ਼ ਬਾਬੂ ਟੇਕ ਸਿੰਘ ਜੀ ਨੇ ਸਕੂਲ ਲਈ ਆਪਣੀ ਸੇਵਾ ਪੇਸ਼ ਕੀਤੀ ਅਤੇ

ਸੈਕੂਲ ਦੀ ਤਰੱਕੀ ਵਲ ਜੁਟ ਪਏ। ਇਹ ਨਗਰ ਗਾਲਬ ਜ਼ਿਲਾ ਲੁਧਆਣਾ ਦੇ ਵਸਨੀਕ ਮਨ ਅਤੇ ਸ਼ੰਘਾਈ (ਚੀਨ) ਅੰਦਰ ਕਸਟਮਜ਼ ਦੇ ਮਹਿਕਮੇ ਵਿਚ ੨੫੦) ਰੁਪਏ ਮਾਹਵਾਰ ਦੇ ਨੌਕਰ ਸਨ।

ਸੰਨ ੧੯੧੦ ਅੰਦਰ ਭਾਈ ਤਖਤ ਸਿੰਘ ਜੀ ਹੁਰਾਂ ਦਾ ਅਨੰਦ ਕਾਰਜ ਬੀਬੀ ਆਗਿਆ ਕੌਰ ਨਾਲ ਹੋਇਆ। ਇਹ ਬੀਬੀ ਬੜੀ ਹੀ ਨੇਕ, ਸੁਸ਼ੀਲ ਅਤੇ ਉਚ ਸਸ਼ਟਾਚਾਰ ਵਾਲੀ ਸੀ। ਇਸ ਸਮੇਂ ਸਕੂਲ ਅਤੇ ਬੋਰਡਿੰਗ ਦੀ ਅਮਾਰਤ ਦੀ ਬੜੀ ਹੀ ਸਖਤ ਲੋੜ ਸੀ। ਭਾਈ ਸਾਹਿਬ ਜੀ ਅਤੇ ਉਨਾਂ ਦੀ ਸੁਪਤਨੀ ਬੀਬੀ ਆਗਿਆ ਕੌਰ ਜੀ ਨੇ ੫੦ ਹਜ਼ਾਰ ਰੁਪਇਆ ਅਕੱਠਾ ਕਰਨ ਦਾ ਪ੍ਰਣ ਧਾਰਿਆ ਦੋਨਾਂ ਕੌਮੀ ਫਕੀਰਾਂ ਨ ਦੁਨੀਆਂ ਦੇ ਸੁਖਾਂ ਨੂੰ ਤਿਆਗਕੇ ਪੰਥ ਦੀਆਂ ਬੱਚੀਆਂ ਦੀ ਸੇਵਾ ਲਈ ਆਪਣ ਪਿਆਰੇ ਜਿਗਰ ਦੇ ਟੁਕੜੇ ਬੱਚ ਬੱਚੀਆਂ ਨੂੰ ਰੋਂਦੇ ਵਿਲਕਦੇ ਛੱਡਕੇ ਮੁਰਦਾ ਮੁਰੀਦ ਬਣ ਫੀਰੋਜ਼ਪੁਰ ਅਤੇ ਪਿਆਰਾ ਵਿਦਿਆਲਜ ਛੱਡ ਦਿਤ, ਹਾਂ ਕੇਸਾ ਉੱਤਮ ਤਿਆਗ ਅਤੇ ਉੱਚ ਉਤਸ਼ਾਹ। ਮਹਾਤਮਾ ਬੁਧ ਜੀ ਨੇ ਦੁਨੀਆਂ ਨੂੰ ਦੁਖਾਂ ਦਾ ਘਰ ਸਮਝਕੇ ਪ੍ਰਵਾਰ ਛੱਡਕੇ ਜੰਗਲ ਦਾ ਰਸਤਾ ਲਿਆ ਸੀ, ਪਰ ਧੰਨ ਹਨ! ਭਾਈ ਤਖਤ ਸਿੰਘ ਜੀ ਜੈਸੇ ਗੁਰ ਸਿੱਖ ਜਿਹਨਾਂ ਪਰ-ਹਿਤ ਨਿਸ਼ਕਾਮ ਸੇਵਾ ਲਈ "ਇਹ ਜਗ ਸਚੇ ਕੀ ਹੈ ਕੋਠੜੀ ਸਚੇ ਕਾ ਵਿਚ ਵਾਸ" ਸੰਸਾਰ ਨੂੰ ਹਾਰ ਕਾ ਰੂਪ ਸਮਝਦੇ ਹਏ ਸੱਚਾ ਸਿੱਖਾਂ ਵਾਲਾ ਸੰਨਿਆਸ ਧਾਰਨ ਕੀਤਾ।

੧੬ ਫਰਵਰੀ ੧੯੧੧ ਦੀ ਠੰਡੀ ਰਾਤ, ਕਹਿਰ ਦਾ ਪਾਲਾ, ਝੱਖੜ ਦਾ ਜ਼ੋਰ ਪਰਇਹ ਸਾਂਈ ਫਕੀਰ ਕਿਸੇ ਨੂੰ ਦੱਸੇ ਬਗੈਰ ਹੀ ਰਾਤ੍ਰ ਨੂੰ ਅਸਟੇਸ਼ਨ ਤੇ ਜਾ ਬੈਠੇ।

ਡਰ ਡਰਕੇ ਸਹਿਮ ਸਹਿਮਕੇ ਅਤੇ ਲੁਕ ਲੁਕਕੇ ਪੁਲਦੇ ਨੀਚੇ ਬੈਠ ਗਏ ਕਿ ਮਤਾਂ ਕੋਈ ਪਛਾਣ ਨਾ ਲਵੇ ਦਿਲੀ ਬਾਬੂ ਟੇਕ ਸਿੰਘ ਜੀ ਗਾਲਬ ਤੋਂ ਆਮਿਲ, ਮੁੜਕੇ ਫੀਰੋਜ਼ਪੁਰ ਆਕੇ ਬਾਬੂ ਜੀ ਰਾਗੀ ਕੇਸਰ ਸਿੰਘ ਪ੍ਰਚਾਰਕ ਇੰਦਰ ਸਿੰਘ, ਭਾਈ ਲੱਖਾ ਸਿੰਘ ਅਤੇ ਭਾਈ ਭਗਤ ਸਿੰਘ ਨੂੰ ਨਾਲ ਲੈ ਗਏ ਕਲਕੱਤੇ ਪਹੁੰਚਕੇ ਭਾਈ

ਜਵੰਦ ਸਿੰਘ ਨੂੰ ਭੀ ਬੁਲਾ ਲਿਆ ਗਿਆ, ਭਾਈ ਭਗਤ ਸਿੰਘ ਜੀ ਨੂੰ ਸੂਰਮਾ ਸਿੰਘ ਹੋਣ ਕਰਕੇ ਬੰਦਰਗਾਹ ਦੇ ਅਫਸਰਾਂ ਨੇ ਜਹਾਜ਼ ਚੜ੍ਹਨ ਦੀ ਆਗਿਆ ਨਾਂ ਦਿੱਤੀ। ਮਲਾਯਾ ਪਹੁੰਚਕੇ ਦੁਖ ਅਤੇ ਤਕਲੀਫਾਂ ਕੱਟਣੀਆਂ ਪਈਆਂ ਭੁਖ ਦੇ ਦੁਖ ਤੋਂ ਡਰਦੇ ਭਾਈ ਲੱਖਾ ਸਿੰਘ ਅਤੇ ਪੰਡਤ ਇੰਦਰ ਸਿੰਘ ਜੀ ਘਰਾਂ ਨੂੰ ਵਹੀਰਾਂ ਪਾ ਆਏ। ਮਲਾਯਾ ਵਿਚੋਂ ੯੦੦੦) ਦੇ ਲਗਭਗ ਰੁਪਈਆ ਇਕੱਠਾ ਹੋਇਆ ਇਸ ਤੋਂ ਪਿਛੋਂ ਭਾਈ ਸਾਹਿਬ ਜੀ ਅਤੇ ਉਹਨਾਂ ਦੇ ਸਾਥੀ ਹਾਂਕਾਂਗ ਸ਼ੰਘਾਈ ਵਿਚੋਂ ਹੁੰਦੇ ਹੋਏ ਜਾਪਾਨ ਗਏ। ਜਾਪਾਨ ਦੇ ਸਿੰਧੀ ਸ਼ਾਹੂਕਾਰਾਂ ਨੇ ਬੜੀ ਹੀ ਮੱਦਦ ਕੀਤੀ ਇਸ ਤੋਂ ਉਪ੍ਰੰਤ ਚੀਨ ਅਤੇ ਮਨਚੋਰੀਆ ਅੰਦਰ ਗਏ ਇਸ ਦੇਸ਼ ਭਰਮਣ ਵਿਚ ਉਹਨਾਂ ਨੇ ੫੮੦੦੦) ਰੁਪਈਏ ਦੀ ਉਗਰਾਹੀ ਕੀਤੀ।

੧੮ ਜਨਵਰੀ ੧੯੧੫ ਨੂੰ ਪੰਜਾਬ ਦੇ ਲਾਟ (Odwyer) ਉਡਵਾਇਰ ਅਤੇ ਓਹਨਾਂ ਦੀ ਸੁਪਤਨੀ ਵਿਦਿਆਲਯ ਨੂੰ ਦੇਖਿਆ ਅਤੇ ਹੇਠ ਲਿਖਿਆ ਰੀਮਾਰਕ ਦਿੱਤਾ ਉਹ ਲਿਖਦੇ ਹਨ ਕਿ ਬਹੁਤ ਕੁਛ ਅਧੂਰਾ ਪਿਆ ਹੈ, ਪਰ ਮੈਨੂੰ ਇਸ ਗਲ ਦਾ ਯਕੀਨ ਹੈ ਕ ਜਲਦੀ ਅਮਾਰਤ ਪੂਰੀ ਹੋ ਜਾਵੇਗੀ। ਇਸ ਸਕੂਲ ਵਿਚ ਤਿੰਨ ਸੌ ਲੜਕੀਆਂ ਪੜ੍ਹਦੀਆਂ ਹਨ, ਧਾਰਮਕ ਅਤੇ ਬਿਵਹਾਰਕ ਵਿਦਯਾ ਬਹੁਤ ਅਛੇ ਤਰੀਕੇ ਨਾਲ ਪੜ੍ਹਾਈ ਜਾਂਦੀ ਹੈ, ਸਿਖ ਪੰਥ ਦੇ ਭਾਗ ਬਹੁਤ ਹੀ ਚੰਗੇ ਹਨ ਕਿ ਇਸ ਵਿਚ ਭਾਈ ਤਖਤ ਸਿੰਘ ਜੈਸੇ ਨਿਸ਼ਕਾਮ ਸੇਵਕ ਹਨ। ਮੈਂ ਭਾਈ ਸਾਹਿਬ ਜੀ ਦਾ ਧੰਨਯਵਾਦ ਕਰਦਾ ਹਾਂ। ਮੈਂ ਆਪਣੇ ਪੰਜਾਬ ਦੇਸ਼ ਨੂੰ ਛਡਣ ਦੇ ਸਮੇਂ ਤੋਂ ਪਹਿਲਾਂ ਸਕੂਲ ਦੀ ਅਮਾਰਤ ਨੂੰ ਪੂਰੀ ਬਣੀ ਹੋਈ ਦੇਖਕੇ ਬਹੁਤ ਹੀ ਖੁਸ਼ ਹੋਵਾਂਗਾ।

(ਨੋਟ) ਅਫਸੋਸ ਹੈ ਜੋ ਇਸ ਬਾਤ ਨੂੰ ੧੬ ਸਾਲ ਹੋ ਗਏ ਹਨ ਪਰ ਅਜੇ ਤਕ ਪੰਥ ਦੇ ਮੰਦਭਾਗਾਂ ਨੂੰ ਸਕੂਲ ਦੀ ਅਮਾਰਤ ਦੀਆਂ ਬੁਨਿਆਦਾਂ ਦੀ ਖੁਦਾਈ ਭੀ ਨਹੀਂ ਹੋਈ। ਇਸ ਤੋਂ ਪਿਛੋਂ ਸਕੂਲ ਚੜ੍ਹਦੀਆਂ ਕਲਾਂ ਵਿਚ ਹੁੰਦਾ ਗਿਆ, ਪਰ ਸ਼ੋਕ, ਜੋ ੧੯੧੫ ਅੰਦਰ ਹੀ ਬਾਬੂ ਟੇਕ ਸਿੰਘ ਜੀ ਤਪਦਿਕ ਦੀ ਬੀਮਾਰੀ ਨਾਲ ਮਰ ਗਏ।

ਬਾਬੂ ਟੇਕ ਸਿੰਘ ਜੀ ਦੀ ਮਿਰਤੂ-ਕਥਾ ਲੰਬੀ, ਦਿਲਚੀਰਵੀਂ ਅਤੇ ਕਾਲਜੇ ਨੂੰ ਵਿੰਨਣ ਵਾਲੀ ਹੈ, ਉਨਾਂ ਨੂੰ ਹਰ ਵੇਲੇ ਕੰਨਿਆਂ ਮਹਾਂ ਵਿਦਯਾਲਯ ਨੂੰ ਖਾਲਸਾ ਗਰਲ ਕਾਲਜ ਬਨਾਣ ਦਾ ਖਿਆਲ ਲਗਾ ਰਹਿੰਦਾ ਸੀ, ਬੀਮਾਰੀ ਦੇ ਸਮੇਂ ਬੀਬੀ ਆਗਿਆ ਕੌਰ ਨੇ ਉਨਾਂ ਦੀ ਬਹੁਤ ਹੀ ਸੇਵਾ ਕੀਤੀ। ਬੀਮਾਰੀ ਵਧਦੀ ਗਈ ਅਤੇ ਅਸਾਧ ਹੋ ਗਈ ਅਖੀਰ ਵਿਚਾਰੇ ਗੁਰਸਿਖਾਂ ਵਾਕਰ ਤੇਰੀ ਰਜ਼ਾ, ਤੇਰੀ ਰਜ਼ਾ ਕਹਿੰਦੇ ਅਤੇ ਸ਼ੁਕਰ ਕਰਦੇ ਗੁਰਪੁਰੀ ਨੂੰ ਪਧਾਰੇ।

ਅਜਕਲ ਇਸ ਸਕੂਲ ਦੇ ਮੈਨੇਜਰ ਭਾਈ ਤਖਤ ਸਿੰਘ ਜੀ "ਜ਼ਿੰਦਾ ਸ਼ਹੀਦ" ਹਨ, ਸਕੂਲ ਦੀ ਅਮਾਰਤ ਕੋਈ ਨਹੀਂ। ਬੋਰਡਿੰਗ ਦੀ ਅਮਾਰਤ ਬੜੀ ਸ਼ਾਨਦਾਰ ਹੈ ਪਰ ਅਜੇ ਤਕ ਓਹ ਭੀ ਅਧੂਰੀ ਪਈ ਹੈ। ਬੋਰਡਿੰਗ ਵਿਚ ੩੦੦ ਤੋਂ ਉਪਰ ਲੜਕੀਆਂ ਦੇ ਰਹਿਣ ਦਾ ਪ੍ਰਬੰਧ ਹੈ। ਸਕੂਲ ਦੇ ਕਮਰੇ ਬੋਰਡਿੰਗ ਦੀ ਅਮਾਰਤ ਵਿਚ ਹੀ ਬਣਾਏ ਗਏ ਹਨ ਸਕੂਲ ਵਿਚ ਅਜਕਲ ੨੫੦ ਤੋਂ ਉਪਰ ਲੜਕੀਆਂ ਹਨ। ਪੜ੍ਹਾਈ ਦੀ ਫੀਸ ਕੋਈ ਨਹੀਂ, ਵਿਦਯਾਲਯ ੩੦ ਯਾ ੩੫ ਯਤੀਮ ਲੜਕੀਆਂ ਨੂੰ ਖਰਚ ਦਿੰਦਾ ਹੈ।

ਸਕੂਲ ਦਾ ਸਟਾਫ ਬਹੁਤ ਅੱਛਾ ਹੈ। ਦਸ ਉਸਤਾਦ ਹਨ, ਜਿਨਾਂ ਵਿਚ ੬ ਇਸਤ੍ਰੀਆਂ ਅਤੇ ੪ ਆਦਮੀ ਹਨ। ਮੁਖ ਅਧਿ-ਆਪਕਾ ਮਿਸ ਚੀਜ਼ਲੇ ਬੀ. ਏ. ਡੀ. ਟੀ. ਬੜੀ ਹੀ ਲਾਇਕ ਅਤੇ ਨੇਕ ਹੈ, ਦੂਸਰੀ ਅਧਿਆਪਕਾ ਮਿਸ ਕਾਨੇ ਹੈ।

ਸਕੂਲ ਵਿਚ ਪੰਜਾਬ ਯੂਨੀਵਰਸਟੀ ਦੇ ਇਮਤਿਹਾਨ ਐਂਟਰੈਂਸ ਤਕ ਦੀ ਪੜ੍ਹਾਈ ਹੁੰਦੀ ਹੈ। ਹਰ ਸਾਲ ਲੜਕੀਆਂ ਦਸਵੀਂ ਜਮਾਤ ਦਾ ਇਮਤਿਹਾਨ ਦਿੰਦੀਆਂ ਹਨ ਅਤੇ ਨਤੀਜੇ ਬੜੇ ਅਛੇ ਰਹਿੰਦੇ ਹਨ, ਧਾਰਮਕ ਵਿੱਦਯਾ ਪੜ੍ਹਾਈ ਜਾਂਦੀ ਹੈ, ਬੀਬੀਆਂ ਨੂੰ ਰਾਗ ਵਿੱਦਯਾ ਭੀ ਸਿਖਾਈ ਜਾਂਦੀ ਹੈ। ਕਰੋਸ਼ੀਏ, ਕਸੀਦੇ, ਸੂਈ, ਸਲਾਈ, ਕਪੜੇ ਸਿਊਣ ਦਾ ਕੰਮ ਬਹੁਤ ਹੀ ਵਧੀਆ ਸਖਾਇਆ ਜਾਂਦਾ ਹੈ। ਬੀਬੀਆਂ ਦੇ ਰਹਿਣ ਅਤੇ ਲੰਗਰ ਦਾ ਇੰਤਜ਼ਾਮ ਬਹੁਤ ਹੀ ਅੱਛਾ ਹੈ। ਬੀਬੀਆਂ ਦੀ ਸਿਹਤ ਵਲ ਬਹੁਤ ਧਿਆਨ ਰਖਿਆ ਜਾਂਦਾ ਹੈ। ਵਾਰੀ ਵਾਰੀ ਹਰ

MAXIMUM LIGHT GIVEN

ਇਕ ਲੜਕੀ ਨੂੰ ਰਸੋਈਖਾਨੇ ਵਿਚ ਸੇਵਾ ਕਰਨੀ ਪੈਂਦੀ ਹੈ।

ਇਸ ਸਕੂਲ ਵਿਚ ਲੜਕੀ ਪੜ੍ਹਾਵਣ ਦਾ ਖਰਚ ਕਰੀਬਨ ੧੦) ਰੁਪਈਏ ਮਹੀਨਾ ਹੈ। ਇਸ ਸਕੂਲ ਨੇ ਬੜੀਆਂ ਲਾਇਕ ਸਿਖ ਲੜਕੀਆਂ ਪੈਦਾ ਕੀਤੀਆਂ ਹਨ । ਇਸ ਸਕੂਲ ਦੀਆਂ ਪੜ੍ਹੀਆਂ ਹੋਈਆਂ ਬੀਬੀਆਂ ਬੜੀਆਂ ੨ ਤਨਖਾਹਾਂ ਲੈ ਰਹੀਆਂ ਹਨ ਅਤੇ ਕਈ ਅਛੇ ੨ ਧਨਾਢ ਘਰਾਣਿਆਂ ਵਿਚ ਵਿਆਹੀਆਂ ਹੋਈਆਂ ਹਨ ਪਰ ਬਹੁਤ ਥੋੜੀਆਂ ਆਪਣੇ ਪਿਆਰੇ ਵਿਦਯਾਲਯ ਨੂੰ ਯਾਦ ਰਖਦੀਆਂ ਹਨ ।

ਆਸ਼ਰਮ ਦਾ ਖਰਚ ੧੬੦੦੦) ਰੁਪਏ ਸਾਲ ਤੋਂ ਉਪਰ ਹੈ। ਚੀਫ ਖਾਲਸਾ ਦੀਵਾਨ ਅਤੇ ਸਰਕਾਰ ਵਲੋਂ ੧੨੦੦੦) ਸਾਲ ਦੀ ਮਦਦ ਮਿਲਦੀ ਹੈ, ਬਾਕੀ ੫੦੦੦) ਯਾ ੬੦੦੦) ਦੇ ਕਰੀਬ ਫੁਟਕਲ ਖਰਚ ਭਾਈ ਸਾਹਿਬ ਜੀ ਚੰਦਾ ਉਗਰਾਹਕੇ ਪੂਰਾ ਕਰਦੇ ਹਨ। ਇਸ ਵਕਤ ਆਸ਼ਰਮ ਦੇ ਸਿਰ ਕਰਜ਼ਾ ਹੈ।

ਖਾਲਸਾ ਪੰਥ ਦੇ ਹਿਤੈਸ਼ੀਆਂ ਅਤੇ ਬੀਬੀਆਂ ਨੂੰ ਉਚੀ ਵਿਦਯਾ ਦੇਵਣ ਦੇ ਚਾਹਵਾਨ ਸਜਣਾਂ ਨੂੰ ਚਾਹੀਦਾ ਹੈ ਕਿ ਆਪਣੀਆਂ ਸਪੁਤਰੀਆਂ ਨੂੰ ਗੌਰਮਿੰਟ ਅਤੇ ਮਿਸ਼ਨ ਸਕੂਲਾਂ ਵਿਚ (ਜਿਥੇ ਕਿ ਉਨਾਂ ਦੇ ਧਾਰਮਕ ਜੀਵਨ ਨਸ਼ਟ ਹੋ ਜਾਂਦੇ ਹਨ) ਪੜ੍ਹਾਣ ਦੀ ਥਾਂ ਆਪਣੇ ਪੰਥਕ ਵਿਦਯਾਲੇ ਵਿਚ ਪੜ੍ਹਾਵਣ ਜਿਥੇ ਕਿ ਉਹ ਬਿਵਹਾਰਕ ਵਿਦਯਾ ਦੇ ਨਾਲ ਨਾਲ ਧਰਮਕ ਵਿਦਯਾ ਭੀ ਸਿਖ ਸਕਣ। ਦਾਨੀ ਅਤੇ ਟਾਪੂ ਨਿਵਾਸੀ ਖਾਲਸਾ ਜੀ ਅੱਗੇ ਬੇਨਤੀ ਹੈ ਕਿ ਓਹ ਮਾਇਆ ਦੇ ਗਹਿਰੇ ਗੱਫੇ ਭੇਜਕੇ ਸਕੂਲ ਨੂੰ ਕਾਲਜ ਬਣਾ ਦੇਵਣ। ਖਾਲਸਾ ਕੌਮ ਦਾ ਆਪਣੀਆਂ ਬੱਚੀਆਂ ਦੀ ਉੱਚ ਤਾਲੀਮ ਲਈ ਇਹ ਇਕੋ ਇਕ ਵਿਦਿਆਲਯ ਹੈ ਉਮੈਦ ਹੈ ਕਿ ਖਾਲਸਾ ਪੰਥ ਇਸਨੂੰ ਜਲਦ ਤੋਂ ਜਲਦ ਕਾਲਜ ਬਣਾ ਦੇਵਗਾ ਅਤੇ ਭਾਈ ਸਾਹਿਬ ਤਖਤ ਸਿੰਘ ਜੀ ਜ਼ਿੰਦਾ ਸ਼ਹੀਦ ਦੇ ਜਿਉਂਦੇ ੨ ਉਹ ਪਾਠਸ਼ਾਲਾ ਜਿਸਦੀ ਬੁਨਿਆਦ ਭਾਈ ਸਾਹਬ ਜੀ ਨੇ ਅੱਜ ਤੋਂ ੪੦ ਸਾਲ ਪਹਿਲਾਂ ਇੱਕ ਸ਼ਾਮਲਾਤ ਥੜ੍ਹੇ ਉਤੇ ਬੈਠਕ ਰਖੀ ਸੀ ਸਾਰੇ ਏਸ਼ੀਆ ਅੰਦਰ ਇਸਤ੍ਰੀ ਜਾਤੀ ਦੀ ਵਿੱਦਯਾ ਲਈ ਸਭ ਤੋਂ ਵੱਡਾ ਕਾਲਜ

ਬਣ ਜਾਵੇਗਾ।' ਭਾਈ ਤਖਤ ਸਿੰਘ ਜੀ ਦਾ ਜੀਵਨ ਇੱਕ ਆਦਰਸ਼ ਗੁਰਮੁਖੀ ਜੀਵਨ ਹੈ ਜਿਸਦੀ ਮਸਾਲ ਉਹ ਖੁਦ ਆਪ ਹੀ ਹਨ, ਪੰਥ ਦੀ ਤਾਰੀਖ ਅੰਦਰ ਭਾਈ ਸਾਹਿਬ ਜੀ ਦੀ ਸੇਵਾ ਅਦੁੱਤੀ ਸੇਵਾ ਹੈ, ਸਕੂਲ ਨੂੰ ਸਹਾਇਤਾ ਦੇਣ ਵਾਲੇ ਵੀਰ ਭੈਣ ਭਾਈ ਤਖਤ ਸਿੰਘ ਜੀ ਮੈਨੇਜਰ ਸਿੱਖ ਕੰਨਿਆ ਮਹਾਂ ਵਿਦਯਾਲਯ ਨਾਲ ਵਿੱਠੀ ਪੱਤ੍ਰ ਕਰਨ ਅੱਜ ਕਲ ਦੇ ਸਮੇਂ ਸਕੂਲ ਨੂੰ ਮੱਦਦ ਕਰਨਾ ਖਾਲਸਾ ਪੰਥ ਦੀ ਬਰੇਤੀ ਵਿੱਚ ਫਸੀ ਹੋਈ ਬੇੜੀ ਨੂੰ ਚੱਪੂ ਲਾਵਣ ਦੇ ਤੁੱਲ੍ਯ ਹੈ।

ਵਿੱਦਆ ਭੰਡਾਰ ਪੰਚ ਖੰਡ ਭੁਸੌੜ (੧੦ ਸਾਲ ਤੋਂ ਟੁਟ ਚੁਕਾ ਹੈ) ਇਸ ਭੰਡਾਰ ਦੀ ਤਵਾਰੀਖ ਦੇਣ ਤੋਂ ਮੇਰਾ ਮਤਲਬ ਆਪਣੇ ਪਾਠਕਾਂ ਅਗੇ ਇਕ ਮਿਸਾਲ ਰੱਖਣ ਦਾ ਹੈ ਤੇ ਇਸਤਰਾਂ ਦੀਵਾਨ ਦੇ ਮੈਂਬਰਾਂ ਦੀ ਆਪਸ ਦੀ ਫੁਟ ਵਿਦਆਲਿਆਂ ਨੂੰ ਤਬਾਹ ਕਰ ਦਿੰਦੀ ਹੈ। ਇਸ ਵਿਦਆਲਯ ਦੀ ਹਿਸਟਰੀ ਬੜੀ ਹੀ ਗੁੰਝਲਦਾਰ ਹੈ ਕਈ ਵਾਰ ਇਹ ਪਤਾ ਨਹੀਂ ਲਗਦਾ ਕਿ ਵਿਦਿਆਲਯ ਤੋੜਨ ਅਤੇ ਕੌਮ ਦਾ ਲੱਖਾਂ ਰੁਪਿਆ ਤਬਾਹ ਕਰਨ ਦੀ ਜ਼ਿੰਮੇਵਾਰੀ ਕਿਸਦੇ ਸਿਰ ਉਪਰ ਰੱਖੀ ਜਾਵੇ ਬੜੇ ਹੀ ਅਫਸੋਸ ਦੀ ਬਾਤ ਹੈ ਕਿ ਮਾਲਵੇ ਦੇਸ਼ ਦਾ ਇੱਕ ਭਾਰੀ ਵਿੱਦਯਾ ਭੰਡਾਰ ਕਈ ਆਦਮੀਆਂ ਦੀ ਖੁਦਗਰਜ਼ੀ ਅਤੇ ਅਮਨ ਦੀ ਫੁੱਟ ਦੇ ਕਾਰਨ ਤਬਾਹ ਹੋਇਆ।

ਇਹ ਵਿਦਿਆਲਯ ਪੰਚ ਖਾਲਸਾ ਦੀਵਾਨਦੀ ਛਤ੍ਰ ਛਾਇਆ ਹੇਠ ਅਪ੍ਰੈਲ ੧੯੦੯ ਈਸਵੀ ਨੂੰ ਖੋਲ੍ਹਿਆ ਉਸ ਸਮੇਂ ਇਹ ਦੀਵਾਨ ਬਹੁਤ ਹੀ ਚੜ੍ਹਦੀਆਂ ਕਲਾਂ ਵਿੱਚ ਸੀ ਲੱਖਾਂ ਰੁਪਏ ਬਾਹਰ ਦੇ ਟਾਪੂਆਂ ਅਤੇ ਫੌਜਾਂ ਵਿਚੋਂ ਦੀਵਾਨ ਅਤੇ ਵਿਦਿਆਲਯ ਨੂੰ ਆਉਂਦੇ ਸਨ ਵਿਦਿਆਲਯ ਦੇ ਨਿਯਮਾਂ ਅਨੁਸਾਰ ਹਰ ਇੱਕ ਵਿਦਿਆਰ- ਥਣ ਦਾ ਲੰਗਰ ਪੁਸਤਕਾਂ ਆਦਿ ਦਾ ਖਰਚ ਦੀਵਾਨ ਹੀ ਦਿੰਦਾ ਸੀ ਇਸ ਸਕੂਲ ਦੇ ਮੈਨੇਜਰ ਬਾਬੂ ਤੇਜਾ ਸਿੰਘ ਜੀ ਬਨਾਏ ਗਏ ਸੰਨ ੧੯੧੪ ਵਿਚ ਭੀ ਇਸ ਵਿਦਿਆਲਯ ਵਿਚ ਪੜ੍ਹਨ ਵਾਲੀਆਂ ਬੀਬੀਆਂ ਦੀ ਗਿਨਤੀ ੧੭੫ ਤੱਕ ਪਹੁੰਚ ਗਈ।

ਸੰਨ ੧੯੧੪ ਅੰਦਰ ਯੂਰਪ ਦਾ ਮਹਾਨ ਯੁੱਧ ਛਿੜ ਪਿਆ ਅਤੇ ਇਸ ਵਿਦਿਆਲਯ ਦੀਆਂ ਇੱਕ ਸੌ ਭੁਜੰਗਣਾਂ ਨੇ ਜ਼ਖਮੀ

ਸਿਪਾਹੀਆਂ ਦੀ ਮਰਹਮ ਪੱਟੀ ਕਰਨ ਖਾਤਰ ਗਵਰਮੈਂਟ ਆਫ ਇੰਡੀਆ ਨੂੰ ਆਪਣੀ ਸੇਵਾ ਪੇਸ਼ ਕੀਤੀ ਮੈਂ ਹੁਣ ਤੱਕ ਇਸ ਗੱਲ ਨੂੰ ਨਹੀਂ ਸਮਝ ਸਕਿਆ ਕਿ ਕੀ ਲੜਕੀਆਂ ਦੇ ਮਾਤਾ-ਪਿਤਾ ਨੇ ਇਸ ਕੰਮ ਲਈ ਭੀ ਇਜਾਜ਼ਤ ਦੇ ਦਿੱਤੀ ਸੀ ਯਾ ਦੀਵਾਨ ਆਪਣੀ ਤਰ ੋਂ ਲੜਕੀਆਂ ਨੂੰ ਭੇਜਣਾ ਚਾਹੁੰਦਾ ਸੀ ਯਾ ਲੜਕੀਆਂ ਖੁਦ ਜਾਣਾ ਚਾਹੁੰਦੀਆਂ ਸਨ ਯਾ ਸਿਰਫ ਮੈਨੇਜਰ ਸਾਹਿਬ ਜੀ ਦੀ ਹੀ ਇਹ ਮਰਜ਼ੀ ਸੀ ਕਿ ਸਿੱਖਾਂ ਦੀ ਇੱਕ ਸੌ ਕਵਾਰੀ ਲੜਕੀ ਜੰਗ ਵਿੱਚ ਭੇਜਕੇ ਨੇਕ-ਨਾਮੀ ਦਾ ਸੇਹਰਾ ਆਪਣੇ ਸਿਰ ਬੰਨ੍ਹਿਆ ਜਾਵੇ ਉਕਤ ਦੋਹਾਂ ਗੱਲਾਂ ਵਿਚੋਂ ਕੋਈ ਭੀ ਬਾਤ ਹੋਵੇ ਮੈਂ ਜਾਤੀ ਤੌਰ ੇ ਇਸ ਬਾਤ ਨੂੰ ਬਹੁਤ ਹੀ ਬੁਰਾ ਸਮਝਦਾ ਹਾਂ ਪੰਜਾਬ ਗਵਰਮੈਂਟ ਨੇ ਬਹੁਤ ਹੀ ਸਿਆਨਪ ਕੀਤੀ ਜੋ ਇਸ ਬਾਤ ਨੂੰ ਸਿਰੇ ਤੱਕ ਸੋਚਿਆ, ਨਹੀਂ ਤਾਂ ਜ਼ਿੰਮੇਵਾਰਾਂ ਨੇ ਚੰਦ ਚਾੜ੍ਹਨ ਵਿੱਚ ਕੋਈ ਕਸਰ ਨਹੀਂ ਛੱਡੀ ਸੀ। ਉੱਤਰ ਵਿਚ ਲਾਟ ਸਾਹਿਬ ਪੰਜਾਬ ਨੇ ਬਾਬੂ ਤੇਜਾ ਸਿੰਘ ਜੀ ਮੈਨੇਜਰ ਨੂੰ ਹੇਠ ਲਿਖੀ ਸ਼ੁਕਰੀਏ ਦੀ ਚਿੱਠੀ ਲਿਖੀ:-

ਚਿੱਠੀ ਨੰ: ੩੦੪ (ਹੋਮ)

ਵਲੋਂ:-ਆਨਰੇਬਲ ਬੀ. ਏ. ਬੇਰਨ

ਚੀਫ ਸਕੱਤ੍ਰ ਗਵਰਮੈਂਟ ਪੰਜਾਬ

ਜੋਗ:- ੇਜਾ ਸਿੰਘ ਮੈਨੇਜਰ ਵਿੱਦਯਾ ਭੰਡਾਰ ਪੰਚ ਖੰਡ

ਜੰਗੀ ਦਫਤਰ ਲਾਹੌਰ ਤ੍ਰੀਕ ੨੦ ਅੱਕਤੂਬਰ ੧੯੧੪

ਸ੍ਰੀ ਮਾਨ ਜੀ !

ਮੈਂ ਆਪ ਜੀ ਨੂੰ (ਲਾਟ ਸਾਹਿਬ ਜੀ ਦੀ) ਆਗਿਆ ਅਨੁਸਾਰ ਆਪ ਜੀ ਦੀ ਪੱਤ੍ਰਕਾ ਦੇ ਪੁਜ ਜਾਣ ਦੀ ਇਤਲਾਹ ਦੇਂਦਾ ਹਾਂ, ਲਾਟ ਸਾਹਿਬ ਜੀ ਵਲੋਂ ਮੈਂ ਆਪ ਜੀ ਨੂੰ ਦਸਦਾ ਹਾਂ ਕਿ ਲਾਟ ਸਾਹਿਬ ਆਪਦੀ ਵਫਾਦਾਰੀ, ਨਿਮਕ-ਹਲਾਲੀ ਅਤੇ ਕੁਰਬਾਨੀ ਦੀ ਸ਼ਲਾਘਾ ਕਰਦੇ ਹਨ, ਲੋੜ ਸਮੇਂ ਆਪ ਜੀ ਦੀ ਪੱਤ੍ਰਕਾ ਉਪਰ ਵਿਚਾਰ ਕੀਤੀ ਜਾਵੇਗੀ।

ਮੈਂ ਹਾਂ ਆਪ ਜੀ ਦਾ ਕ੍ਰਿਪਾ ਦਾ ਪਾਤ੍ਰ:—

ਐਮ, ਐਮ, ਯੰਗ ਮੀਤ ਸਕੱਤ੍ਰ ਬਾਸਤੇ ਚੀਫ ਸਕੱ

ਦੀਵਾਨ ਦੇ ਮੈਂਬਰਾਂ ਅੰਦਰ ਆਪਸ ਵਿਚ ਕਈ ਕਾਰਨਾਂ ਕਰਕੇ ਮਤ-ਭੇਦ ਹੋ ਗਿਆ ਅਤੇ ਇਸਤੋਂ ਛੇ ਮਹੀਨੇ ਪਿਛੋਂ ਹੀ ਸਕੂਲ ਤੋੜ ਦਿਤਾ ਗਿਆ। ਇਕ ਸਾਲ ਪਿਛੋਂ ਸਕੂਲ ਫੇਰ ਖੋਲ੍ਹ ਦਿੱਤਾ ਗਿਆ ਅਤੇ ਸੰਨ ੧੯੧੭ ਈਸਵੀ ਵਿਚ ਹੀ ਭੁਝੰਗਣਾਂ ਦੀ ਗਿਣਤੀ ਦੋ ਸੌ ਦੇ ਕਰੀਬ ਹੋ ਗਈ। ਇਸ ਸਾਲ ਇਸ ਵਿਦਯਾਲੇ ਦੀਆਂ ੧੨ ਬੀਬੀਆਂ ਬੁਧੀਮਾਨੀ ਦੀ ਪ੍ਰੀਖਸ਼ਾ ਵਿਚ ਅਤੇ ਇਕ ਬੀਬੀ ਵਿਦਵਾਨੀ ਦੀ ਪ੍ਰੀਖਸ਼ਾ ਵਿਚ ਸ਼ਾਮਲ ਹੋਈਆਂ, ਅਗਲੇ ਸਾਲ ਹੀ ੮ ਬੀਬੀਆਂ ਬੁਧੀਮਾਨੀ ਅਤੇ ੧੧ ਵਿਦਵਾਨੀ ਦੀ ਪਰੀਖਸ਼ਾ ਵਿਚ ਸ਼ਾਮਲ ਹੋਈਆਂ। ਇਸ ਸਾਲ ਯਾ ੧੯੨੦ ਅੰਦਰ ਦੀਵਾਨ ਵਿਚ ਕਈ ਕਾਰਨਾਂ ਕਰਕੇ ਪਾਟੋਧਾੜ ਹੋ ਗਈ ਅਤੇ ੨੪ ਮਾਘ ੧੯੭੬ ਯਾ ੧੯੨੧ ਜਨਵਰੀ ਨੂੰ ਵਿਦਯਾਲਯ ਫੇਰ ਤੋੜ ਦਿਤਾ ਗਿਆ।

ਪਰ ਧੰਨ ਹਨ ਗੁਰਸਿਖ, ਅਤੇ ਧੰਨ ਹੈ ਉਨਾਂ ਦੀ ਸੇਵਾ। ੧ ਚੇਤ ੧੯੭੭ ਯਾ ੧੯੨੧ ਦੇ ਸਾਲਾਨਾ ਦੀਵਾਨ ਦੇ ਸਮਾਗਮ ਉਤੇ ਬੀਬੀ ਨਿਰੰਜਨ ਕੌਰ ਨੇ ਆਪਣੀ ਆਯੂ ਖਾਲਸਾ ਇਸਤ੍ਰੀ ਜਾਤੀ ਦੀ ਸੇਵਾ ਹਿਤ ਪੇਸ਼ ਕੀਤੀ। ਦੀਵਾਨਨੇ ਇਸ ਸੇਵਾ ਨੂੰ ਸਰਬ ਸੰਮਤੀ ਨਾਲ ਪ੍ਰਵਾਨ ਕਰ ਲਿਆ। ਬੀਬੀ ਨਿਰੰਜਨ ਕੌਰ ਨੇ੧ ਚੇਤ੍ਰ ੧੯੭੮ ਨੂੰ ਖਾਲਸਾ ਕੁਆਰੀ ਕਾਲਜ ਖੋਹਲਣ ਦਾ ਐਲਾਨ ਕੀਤਾ ਇਨ੍ਹਾਂ ਹੀ ਦਿਨਾਂ ਅੰਦਰ ਬੀਬੀ ਨਿਰੰਜਨ ਕੌਰ ਦਾ ਸੂੰਬਰ ਅਨੰਦ ਵਿਆਹ ਬਾਬੂ ਤੇਜਾ ਸਿੰਘ ਜੀ ਨਾਲ ਹੋਇਆ। ਖਾਲਸਾ ਪੰਥ ਅੰਦਰ ਇਕ ਭਾਰੀ ਸਨਸਨੀ ਫੈਲ ਗਈ। ਅਖਬਾਰਾਂ ਨੇ ਬੜੇ ੨ ਲੇਖ ਲਿਖੇ ਅਤੇ ਪੰਥ ਦਰਦੀਆਂ ਨੇ ਕਾਲਜਿਆਂ ਉਤੇ ਹਥ ਰਖੇ। ਪੰਥ ਨੇ ਇਸ ਅਨੰਦ ਦੇ ਬਰਖਿਲਾਫ ਬੜੀ ਭਾਰੀ ਨਾਰਾਜ਼ਗੀ ਜ਼ਾਹਰ ਕੀਤੀ। ੨੦ ਕੱਤਕ ੧੯੭੮ ਨੂੰ ਖਾਲਸਾ ਜੀ ਦਾ ਇਕ ਭਾਰੀ ਦੀਵਾਨ ਸ਼ਹਿਰ ਜ਼ਿਲਾ ਲੁਧਿਹਾਣਾਂ ਵਿਖੇ ਹੋਇਆ ਅਤੇ ਬਾਬੂ ਤੇਜਾ ਸਿੰਘ ਜੀ ਨੂੰ ਪੰਚ ਖੰਡ ਦੀ ਸਕੱਤ੍ਰੀ ਤੋਂ ਅੱਡ ਹੋਣ ਦਾ ਨੋਟਸ ਦੇ ਦਿਤਾ ਗਿਆ। ਖਾਲਸਈ ਫੌਜਾਂ ਨੇ ਪੰਚਖੰਡ ਡੇਰੇ ਆ ਲਾਏ ਰਿਆਸਤ ਦੇ ਅਫਸਰਾਂ ਨੇ ਅਮਨ ਦਾ ਖਤਰਾ ਵੇਖਕੇ ਬਾਬੂ ਤੇਜਾ

ਸਿੰਘ ਜੀ ਨੂੰ ਨਜ਼ਰਬੰਦ ਕਰ ਦਿਤਾ। ਪਰ ਫੇਰ ਭੀ ਇਕ ਅਕਾਲੀ ਜਥਾ ਭਾਈ ਰਾਮ ਸਿੰਘ ਜੀ ਲਲਤੋ ਦੀ ਜਥੇਦਾਰੀ ਹੇਠ ਭਾਈ ਰਾਮ ਸਿੰਘ ਜੀ ਭਮੌੜ ਦੇ ਘਰ ਹੀ ਦੇਗਾਂ ਸਜਾਂਦਾ ਰਿਹਾ। ਸਰਕਾਰ ਪਟਿਆਲਾ ਨੇ ਬਾਬੂ ਜੀ ਨੂੰ ੯ ਮਹੀਨੇ ਲਈ ਨਜ਼ਰਬੰਦ ਰਖਿਆ ਅਤੇ ਖਾਲਸਾ ਕੁਆਰੀ ਕਾਲਜ ਦਾ ਖੁਲਣਾ ਵਿਚੇ ਹੀ ਰਹਿ ਗਿਆ।

ਪਰ ਹਿੰਮਤ ਕਰਕੇ ੧ ਹਾੜ ੧੯੮੩ ਯਾ ੧੯੨੬ ਨੂੰ ਬੀਬੀ ਨਰਿੰਜਨ ਕੌਰ ਨੇ ਫੇਰ 'ਖਾਲਸਾ ਕੁਆਰੀ ਕਾਲਜ' ਖੋਹਲ ਹੀ ਲਿਆ। ਬੀਬੀ ਜੀ ਅਤੇ ਹੋਰ ਸੇਵਕਾਂ ਨੇ ੩ ਸਾਲ ਮੁਸੀਬਤਾਂ ਕਟਦੇ ਸਕੂਲ ਨੂੰ ਚਲਾਇਆ। ਲੰਗਰ, ਪੁਸਤਕਾਂ, ਬਸਤ੍ਰ ਆਦਿਕ ਸਭ ਦਾ ਖਰਚ ਕਾਲਜ ਵਲੋਂ ਹੀ ਮਿਲਦਾ ਸੀ। ਸਠ ਲੜਕੀਆਂ ਦੇ ਕਰੀਬ ਲੜਕੀਆਂ ਵਿਦਿਆ ਪ੍ਰਾਪਤ ਕਰਦੀਆਂ ਸਨ। ਮਾਇਆ ਦਾ ਥੁੜ ਹੋਣ ਕਰਕੇ ਸੇਵਕਾਂ ਨੂੰ ਔਕੜਾਂ ਆ ਬਣੀਆਂ। ਅਖੀਰ ੧ ਵੈਸਾਖ ੧੯੮੬ ਯਾ ੧੯੨੯ ਸੰਮਤ ਨੂੰ ਪੜ੍ਹਣ ਵਾਲੀਆਂ ਬੀਬੀਆਂ ਉਨ੍ਹਾਂ ਦੇ ਵਾਰਸਾਂ ਦੇ ਘਰੀਂ ਭੇਜ ਦਿਤੀਆਂ ਗਈਆਂ।

ਸੰਨ ੧੯੨੮ ਅੰਦਰ ਬੀਬੀ ਜੀ ਨੇ ਆਪਣੇ ਪ੍ਰਣ ਨੂੰ ਸਿਰੇ ਚਾੜ੍ਹਨ ਲਈ ਝੋਲੀ ਹਥ ਫੜ ਪੰਥ ਹਿਤੈਸ਼ੀਆਂ ਅਤੇ ਦਾਨੀਆਂ ਪਾਸੋਂ ਦਸ ਲਖ ਦੀ ਅਪੀਲ ਕੀਤੀ। ਸ਼ਿਮਲੇ ਆਦਕ ਸ਼ਹਿਰਾਂ ਅੰਦਰ ਦੌਰਾ ਕੀਤਾ। ਪਰ ਬੀਬੀ ਜੀ ਮੁੜ ਫੇਰ ਪੰਚ ਖੰਡ ੬ ਕੁ ਮਹੀਨੇ ਪਿਛੋਂ ਹੀ ਆ ਗਏ। ਬਹੁਤ ਸਾਰੇ ਮੈਂਬਰਾਂ ਨੇ ਇਸ ਬਾਤ ਪਰ ਨਾਰਾਜ਼ਗੀ ਜ਼ਾਹਰ ਕੀਤੀ ਕਿ ਬੀਬੀ ਜੀ ਨੇ ਪ੍ਰਣ ਦਾ ਪ੍ਰਹਾਰ ਕੀਤਾ ਹੈ, ਉਹ ਜਦ ਅਰਦਾਸਾ ਸੋਧ ਚੁਕੇ ਹਨ ਤਾਂ ਫੇਰ ਮੁੜਕੇ ਕਾਰਜ ਪੂਰਾ ਕੀਤੇ ਬਗੈਰ ਪੰਚਖੰਡ ਕਿਉਂ ਆਏ। ਇਸ ਪਰ ਦੀਵਾਨ ਦੇ ਦੋ ਧੜੇ ਹੋ ਗਏ।

੧ ਹਾੜ ੧੯੮੬ ਯਾ ਜੂਨ ੧੯੨੯ ਨੂੰ ਖਾਲਸਾ ਕੁਆਰੀ ਕਾਲਜ ਫੇਰ ਖੋਹਲ ਦਿੱਤਾ ਗਿਆ ਸੰਨ ੧੯੩੦ ਅੰਦਰ ਦੋ ਲੜਕੀਆਂ ਵਿਦਵਾਨੀ ਦੇ ਇਮਤਿਹਾਨ ਵਿਚ ਪਾਸ ਹੋਈਆਂ ਨਵੀਂ ਸਕੀਮ ਅਨੁਸਾਰ ਵਾਰਸਾਂ ਨੂੰ ਕੇਵਲ ਪੰਜ ਰੁਪਈਏ ਮਹੀਨਾ ਹੀ ਖਰਚ ਦੇਣਾ

ਪੈਂਦਾ ਹੈ ਬਾਕੀ ਦਾ ਖਰਚ ਵਿਦਿਆਲਯ ਖੁਦ ਹੀ ਪੂਰਾ ਕਰਦਾ ਹੈ ਨਵੀਂ ਵਿੱਦਯਾ ਪਰਨਾਲੀ ਅਨੁਸਾਰ ਲੜਕੀਆਂ ਨੂੰ ਮਿਡਲ ਤੱਕ ਦੀ ਪੜ੍ਹਾਈ ਦੇ ਨਾਲ ਨਾਲ ਹੀ ਬੁਧੀਮਾਨੀ ਵਿਦਵਾਨੀ ਅਤੇ ਗਿਆਨੀ ਦੀ ਪੜ੍ਹਾਈ ਭੀ ਕਰਾਈ ਜਾਂਦੀ ਹੈ ਇਸ ਵੇਲੇ ਲੜਕੀਆਂ ਦੀ ਗਿਣਤੀ ੨੦ ਦੇ ਕਰੀਬ ਹੈ ਤਿੰਨ ਉਸਤਾਦਨੀਆਂ ਹਨ ਬੀਬੀ ਨਿਰੰਜਨ ਕੌਰ ਗਿਆਨੀ ਮੁਖ ਅਧਿਆਪਕਾ ਹਨ ਬੀਬੀ ਮਹਿਤਾਬ ਕੌਰ ਸਹਾਇਕ ਹਨ । ਬੀਬੀਆਂ ਨੂੰ ਕੀਰਤਨ ਭੀ ਸਿਖਾਇਆ ਜਾਂਦਾ ਹੈ ਹਰ ਬੀਬੀ ਨੂੰ ਪੰਜ ਕਕਾਰ ਦੀ ਧਾਰਨੀ ਰਹਿਣਾ ਪੈਂਦਾ ਹੈ, ਬੀਬੀਆਂ ਸਿਰਾਂ ਉੱਪਰ ਦਸਤਾਰੇ ਸਜਾਂਦੀਆਂ ਹਨ । ਸਕੂਲ ਦੀ ਇਮਾਰਤ ਕੱਚੀ ਹੈ ਪੰਚ ਖਾਲਸਾ ਦੀਵਾਨ ਦੀ ਇੱਕ ਕਮੇਟੀ ਪ੍ਰਬੰਧ ਕਰਦੀ ਹੈ ਬੀਬੀਆਂ ਦੀ ਸੇਹਤ ਅੱਛੀ ਹੈ ਦਾਨੀ ਵੀਰਾਂ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਮੇਰੇ ਖਿਆਲ ਮੂਜਬ ਬੀਬੀ ਨਿਰੰਜਨ ਕੌਰ ਦੀ ਕੁਰਬਾਨੀ ਅਤੇ ਸੇਵਾ ਸ਼ਲਾਘਾ ਯੋਗ ਹੈ, ਪਰ ਉਹਨਾਂ ਨੂੰ ਆਪਣੇ ਅਸਲੀ ਗੁਣ ਦਿਖਾਉਣ ਦਾ ਮੌਕਾ ਹੁਣ ਤੱਕ ਕੋਈ ਨਹੀਂ ਮਿਲਿਆ। ਕਿਸੇ ਦੀਵਾਨ ਯਾ ਸੁਸਾਇਟੀ ਯਾ ਕਮੇਟੀ ਦੇ ਅਧੀਨ ਰਹਿਕੇ ਲੜਕੀਆਂ ਦਾ ਸਕੂਲ ਚਲਾਉਣ ਦਾ ਖਿਆਲ ਸੁਫਨੇ ਅੰਦਰ ਰੇਤ ਦੇ ਮਹਿਲ ਉਸਾਰਨ ਵਾਂਗਰ ਉਕਾ ਹੀ ਬੇ-ਬੁਨਿਆਦ ਅਤੇ ਝੂਠਾ ਹੈ ਬੀਬੀ ਜੀ ਸਿੱਖ ਦੀ ਹੈਸੀਅਤ ਵਿੱਚ ਬੇਸ਼ੱਕ ਦੀਵਾਨ ਦੇ ਮੈਂਬਰ ਰਹਿਣ ਪਰ ਵਿਦਆਲਯ ਦੇ ਮੋਢੀ ਹੋਣ ਦੀ ਹੈਸੀਅਤ ਵਿੱਚ ਦੀਵਾਨ ਦੇ ਅਧੀਨ ਰਹਿਣਾ ਉਹਨਾਂ ਨੂੰ ਮਹਿੰਗੇ ਭਾ ਹੀ ਪਵੇਗਾ ਅਤੇ ਪਿਆ ਹੈ ਬੀਬੀ ਜੀ ਨੂੰ ਸਫਲਤਾ ਪ੍ਰਾਪਤ ਨਹੀਂ ਹੋ ਸਕਦੀ ਜਦ ਤਕ ਉਹ ਦੀਵਾਨ ਦੇ ਰਹਿਮ ਉਤੇ ਆਪਣੇ ਆਪ ਨੂੰ ਸੁੱਟੀ ਰੱਖਣਗੇ। ਆਪਣਾ ਭਾਰ ਉਨ੍ਹਾਂ ਨੂੰ ਆਪਣੇ ਸਿਰ ਚੁਕਣਾ ਚਾਹੀਦਾ ਹੈ। ਭਸੌੜ ਕੋਈ ਅਛੀ ਜਗਾ ਨਹੀਂ ਜਿਥੇ ਕਿ ਲੜਕੀਆਂ ਦਾ ਸਕੂਲ ਤਰੱਕੀ ਕਰ ਸਕੇ ਕਿਉਂਕਿ ਬਹੁਤ ਸਾਰੇ ਵਾਰਸ ਅਤੇ ਮਾਂ ਬਾਪ ਭਸੌੜ ਦਾ ਨਾਮ ਸੁਣਕੇ ਹੀ ਲੜਕੀਆਂ ਨਹੀਂ ਭੇਜਦੇ। ਸਕੂਲ ਲਈ ਵਧੀਆ ਜਗਾ ਧੂਰੀ ਹੈ, ਇਥੇ ਜੰਕਸ਼ਨ ਭੀ ਹੈ, ਮੰਡੀ ਸਿਖ

ਉਤੇ ਹੈ, ਮੰਡੀ ਤੋਂ ਬਹੁਤ ਸਾਰੀਆਂ ਲੜਕੀਆਂ ਆ ਸਕਦੀਆਂ ਹਨ ਅਤੇ ਹਰ ਪ੍ਰਕਾਰ ਦਾ ਇੰਦੋਬਸਤ ਹੋ ਸਕਦਾ ਹੈ।

ਬੀਬੀ ਜੀ ਨੂੰ ਪੰਥ ਸੇਵਕ ਹੋਣ ਦੀ ਸੂਰਤ ਵਿਚ ਦੀਵਾਨ ਦੇ ਇਕ ਤੰਗ ਅਤੇ ਨਿਕੇ ਦਾਇਰੇ ਵਿਚੋਂ ਨਿਕਲਕੇ ਵਿਦਯਾ ਫੈਲਾਣ ਦਾ ਕੰਮ ਸ਼ੁਰੂ ਕਰਨਾ ਚਾਹੀਦਾ ਹੈ, ਜੇ ਦੀਵਾਨ ਨੇ ਬੀਬੀ ਜੀ ਦੀ ਜ਼ਿੰਦਗੀ ਤਬਾਹ ਕਰਕੇ ਆਪਣਾ ਫਰਜ਼ ਨਹੀਂ ਪਛਾਣਿਆ ਤਾਂ ਬੀਬੀ ਜੀ ਨੂੰ ਏਸਤੋਂ ਨਰਾਸ ਨਹੀਂ ਹੋਣਾ ਚਾਹੀਦਾ, ਕਿਉਂਕਿ ਇਹ ਦੁਰਘਟਨਾਂ ਤਕਰੀਬਨ ਹਰ ਇਕ ਸਚੇ ਪੰਥ ਪਰੇਮੀ ਨਾਲ ਵਰਤੀ ਹੈ, ਹਰ ਕੰਮ ਦੇ ਕਰਨ ਲਈ ਵਕਤ, ਸਮਾਂ ਥਾਂ ਅਤੇ ਹਾਲਾਤ ਪਹਿਲਾਂ ਅਛੀ ਤਰਾਂ ਵਿਚਾਰ ਲੈਣੇ ਚਾਹੀਦੇ ਹਨ, ਮੇਰਾ ਖਿਆਲ ਹੈ ਕਿ ਭਸੌੜ ਰਹਿਕੇ ਬੀਬੀ ਜੀ ਨੂੰ ਪੂਰੀ ਸਫਲਤਾ ਨਹੀਂ ਹੋ ਸਕਦੀ। ਇਸ ਲਈ ਉਨਾਂ ਨੂੰ ਚਾਹੀਦਾ ਹੈ ਕਿ ਉਹ ਸਿਆਣੇ ਵਿਦਵਾਨ ਪੰਥ ਦਰਦੀ ਵਿਦਯਾ ਫੈਲਾਣ ਵਾਲੇ ਗੁਰਸਿਖਾਂ ਨਾਲ ਸਲਾਹ ਕਰਕੇ ਇਸ ਕਾਰਜ ਨੂੰ ਧੂਰੀ ਯਾ ਕਿਸੇ ਹੋਰ ਜਗਾ ਆਰੰਭ ਕਰਨ।

ਖਾਲਸਾ ਕੰਨਿਆਂ ਪਾਠਸ਼ਾਲਾ ਮਹੱਲਾ ਸੱਥਾਂ ਲਾਹੌਰ

ਸਿੰਘ ਸਭਾ ਲਹਿਰ ਤੋਂ ਪਹਿਲਾਂ ਸਾਰੇ ਦੇ ਸਾਰੇ ਸਿੱਖ ਆਪਣੇ ਆਪ ਨੂੰ ਹਿੰਦੂ ਹੀ ਸਮਝਿਆ ਕਰਦੇ ਸਨ ਉਦਾਸੀ ਪੰਡਤ ਅਤੇ ਨਿਰਮਲੇ ਵੇਦ ਅਤੇ ਹੋਰ ਹਿੰਦੂ ਸ਼ਾਸਤ੍ਰਾਂ ਨੂੰ ਮੰਨਦੇ ਸਨ ਅਤੇ ਆਮ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੰਜਵਾਂ ਵੇਦ ਹੀ ਸਮਝਦੇ ਸਨ। ਸਿਖ ਧਰਮ ਹਿੰਦੂ ਮਤ ਦੀ ਇਕ ਸ਼ਾਖ ਹੀ ਖਿਆਲ ਕੀਤਾ ਜਾਂਦਾ ਸੀ ਸਿਖ ਹਿੰਦੂਆਂ ਅੰਦਰ ਇਕ ਅਗੇ ਵਧੀ ਹੋਈ ਜਮਾਤ ਮੰਨੀ ਜਾਂਦੀ ਸੀ, ਜਿਨ੍ਹਾਂ ਅੰਦਰ ਛੂਤ ਛਾਤ ਅਤੇ ਖਾਨ ਪਾਨ ਆਦਿ ਦਾ ਕੋਈ ਖਿਆਲ ਨਹੀਂ ਸੀ ਅਸਲ ਵਿੱਚ ਤਾਂ ਸਿੱਖਾਂ ਦੀ ਧਾਰਮਕ ਜੱਥੇਬੰਦੀ ਸੰਨ ੧੭੬੫ ਵਿੱਚ ਹੀ ਟੁਟ ਗਈ ਸੀ ਇਸਤੋਂ ਉਪ੍ਰੰਤ ਸਿਖ ਮੁਲਕ ਫਤਹ ਕਰਨ ਪਿਛੇ ਲਗੇ ਰਹੇ ਸੰਨ ੧੮੭੦ ਤਕ ਜਦ

ਕਿ ਸਿੱਖਾਂ ਨੇ ਸਰਹੱਦ ਮਾਰਕੇ ਆਪਣੇ ਇਲਾਕੇ ਮੱਲਣੇ ਸ਼ੁਰੂ ਕੀਤੇ, ਧਾਰਮਕ ਅਵਸਥਾਂ ਵਲੋਂ ਸਿਖ ਬੜੀ ਹੀ ਡਾਵਾਂ ਡੋਲ ਹਾਲਤ ਵਿਚ ਰਹੇ। ਇਹਨਾਂ ਸਮਿਆਂ ਅੰਦਰ ਫੇਰ ਜਾਗ੍ਰਤ ਆਈ ਬਾਬਾ ਰਾਮ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਤ੍ਰਾਬਿਆ ਦੀਵਾਨ ਲਗਾਵਨ ਦੀ ਰੀਤ ਨੂੰ ਮੁੜ ਫੇਰ ਸਰਜੀਤ ਕੀਤਾ ਅਤੇ ਸਿੱਖਾਂ ਅੰਦਰ ਪੁਰਾਣੇ ਤ੍ਰੀਕੇ ਨਾਲ ਜੱਥੇਬੰਦੀ ਕੀਤੀ। ਲਾਹੌਰ ਅੰਦਰ ਭੀ ਭਾਃ ਜਵਾਹਰ ਸਿੰਘ ਆਦਿ ਨੇ ਦੀਵਾਨ ਲਗਾਨੇ ਸ਼ੁਰੂ ਕੀਤੇ ਸੰਨ ੧੮੭੦ ਦੇ ਨੇੜ ਤੇੜ ਇੱਕ ਸਾਧੂ ਦਇਆ ਨੰਦ ਨਾਮੀ ਗੁਜਰਾਤ ਦੇਸ਼ ਦੇ ਰਹਿਣ ਵਾਲਾ ਪੰਜਾਬ ਅੰਦਰ ਆਇਆ ਉਹਨਾਂ ਸਮਿਆਂ ਅੰਦਰ ਸ਼ਾਸਤ੍ਰਾਰਥ ਦਾ ਬੜਾ ਰਵਾਜ ਸੀ ਇਹ ਸਾਧੂ ਬੜਾ ਹੀ ਮਖੌਲੀਆ ਸੀ, ਜਾਤ ਪਾਤ, ਛੂਤ ਛਾਤ, ਬਚਪਨ ਦੇ ਵਿਵਾਹ ਅਤੇ ਹੋਰ ਸਮਾਜਕ ਕੁਰੀਤੀਆਂ ਉਤੇ ਭਾਸ਼ਨ ਕਰਿਆ ਕਰਦਾ ਸੀ ਉਸ ਸਮੇਂ ਸਿੱਖਾਂ ਦਾ ਪੰਜਾਬ ਅੰਦਰ ਬੜਾ ਜ਼ੋਰ ਸੀ ਸੋ ਉਹ ਸਭ ਤੋਂ ਪਹਿਲਾਂ ਸਿੱਖਾਂ ਨਾਲ ਹੀ ਆ ਮਿਲਿਆ ਪੰਜ ਯਾ ਛੇ ਸਾਲ ਉਹ ਭਾਈ ਜਵਾਹਰ ਸਿੰਘ ਜੀ ਹੁਰਾਂ ਪਾਸ ਰਿਹਾ। ਆਸਾ ਜੀ ਦੀ ਵਾਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਤੋਂ ਪਿਛੋਂ ਉਹ ਭੀ ਸੰਗਤ ਨੂੰ ਆਪਣਾ ਲੈਕਚਰ ਸੁਣਾਇਆ ਕਰਦਾ ਸੀ।

ਇਹਨਾਂ ਸਮਿਆਂ ਅੰਦਰ ਹੀ ਸਿੰਘਸਭਾ ਲਹਿਰ ਚਲ ਪਈ ਅਤੇ ਸਿੱਖ ਆਪਣੇ ਆਪ ਨੂੰ ਹਿੰਦੂ ਸਮਾਜ ਨਾਲੋਂ ਅਲਗ ਸਮਝਣ ਲਗ ਪਏ। ਸਿਖਾਂ ਨੇ ਬੜੇ ਜ਼ੋਰਦਾਰ ਲੇਖ ਲਿਖੇ ਕਿ ਸਿਖ ਹਿੰਦੂ ਨਹੀਂ ਹਨ। ਸਾਧੂ ਦਯਾ ਨੰਦ ਦਾ ਭੀ ਦਾਉ ਚਲ ਗਿਆ ਅਤੇ ਉਸਨੇ ਭੀ ਪੜ੍ਹੇ ਲਿਖੇ ਹਿੰਦੂ ਸਜਣਾਂ ਨੂੰ ਮਿਲਾਕੇ ਇਕ ਆਪਣੀ ਆਰੀਆ ਸਮਾਜ ਬਣਾ ਲਈ। ਵੇਦਾਂ ਦੇ ਆਪਣੇ ਹੀ ਮਨ-ਘੜਤ ਤਰੀਕੇ ਨਾਲ ਅਰਥ ਕਰਨੇ ਸ਼ੁਰੂ ਕੀਤੇ। ਸਤਿਆਰਥ ਪ੍ਰਕਾਸ਼ ਪੁਸਤਕ ਰਚੀ ਅਤੇ ਇਸ ਪੁਸਤਕ ਅੰਦਰ ਸਾਰੇ ਮਤ ਮਤਾਂਤ੍ਰਾਂ ਦੇ ਉਲਟ ਉਟ ਪਟਾਂਗ ਜਿਰਹਾ ਕੀਤੀ। ਸਿਖਾਂ ਨੇ ਭੀ ਆਪਣੀ ਜਥੇਬੰਦੀ ਮਜ਼ਬੂਤ ਕਰ ਲਈ ਅਤੇ ਲਾਹੌਰ ਅੰਦਰ ਖਾਲਸਾ ਦੀਵਾਨ ਕਾਇਮ ਹੋਇਆ। ਉਨ੍ਹਾਂ

ਸਮਿਆਂ ਅੰਦਰ ਸਿਖਾਂ ਵਿਚ ਭਗਤੀ ਭਾਵ, ਪ੍ਰੇਮ, ਸੇਵਾ ਕੂਟ ਕੂਟ ਭਰੇ ਹੁੰਦੇ ਸਨ।

ਸਿਘ ਸਭਾ ਲਹਿਰ ਦੇ ਚਮਕਦੇ ਲਾਲਾਂ ਵਿਚੋਂ ਸਰਦਾਰ ਮੇਹਰ ਸਿੰਘ ਜੀ ਚਾਵਲਾ ਭੀ ਹਨ, ਆਪ ਜੀ ਦੀ ਆਯੂ ਇਸ ਵਕਤ ੭੫ ਬਰਸ ਦੇ ਕਰੀਬ ਹੋਵੇਗੀ। ਆਪ ਭਗਤੀ, ਪ੍ਰੇਮ ਤਯਾਗ ਗੁਰਸਿਖੀ ਗਉਰਵਤਾ, ਧਰਮ ਅਤੇ ਸਚ ਦੇ ਪੂਰੇ ਨਮੂਨੇ ਹਨ ਆਪ ਸਦਾ ਹੀ ਹੁਕਮ ਅੰਦਰ ਰਹਿਕੇ ਭਾਣੇ ਨੂੰ ਮਿਠਾ ਕਰਕੇ ਮੰਨਦੇ ਰਹੇ, ਬੜੇ ਹੀ ਸਬਰ ਅਤੇ ਸ਼ਾਂਤੀ ਵਾਲੇ ਪੁਰਸ਼ ਹਨ, ਆਪ ਜੀ ਨੇ ਲਖਾਂ ਰੁਪਏ ਪੰਥ ਸੇਵਾ ਲਈ ਭੇਟਾ ਕੀਤੇ ਹਨ। ਖਾਲਸਾ ਬੋਰਡਿੰਗ ਹਾਊਸ ਲਾਹੌਰ, ਉਕਤ ਕੰਨਿਆਂ ਪਾਠਸ਼ਾਲਾ ਅਤੇ ਸਰਦਾਰ ਬਹਾਦਰ ਭਗਤ ਸਿੰਘ ਹਾਈ ਸਕੂਲ ਲਾਹੌਰ ਬਨਾਣ ਵਿਚ ਆਪ ਜੀ ਨੇ ਬੜੀ ਭਾਰੀ ਮਦਦ ਕੀਤੀ ਹੈ, ਕਈ ਗੁਰਦੁਆਰੇ ਆਪ ਜੀ ਨੇ ਆਪਣੇ ਖਰਚ ਉਤੇ ਬਣਵਾਏ ਹਨ।

ਜਦ ਤਕ ਲਾਹੌਰ ਕਾਇਮ ਹੈ, ਸਿਖਾਂ ਅੰਦਰ ਸਰਦਾਰ ਮੇਹਰ ਸਿੰਘ ਜੀ ਚਾਵਲੇ ਅਤੇ ਹਿੰਦੂਆਂ ਅੰਦਰ ਸਰ ਗੰਗਾ ਰਾਮ ਜੀ ਦੇ ਸ਼ੁਭ ਨਾਮ ਸ਼ਹਿਰ ਦੇ ਮਹਾਂ ਦਾਨੀਆਂ ਵਿਚ ਤਾਰਿਆਂ ਵਾਕਰ ਚਮਕਣਗੇ। ਸਿਖ ਕੰਨਿਆਂ ਪਾਠਸ਼ਾਲਾ ਲਾਹੌਰ ਦਾ ਸੁਗੰਧਤ ਬੂਟਾ ਭੀ ਇਨਾਂ ਦੀ ਹੀ ਸੇਵਾ ਦਾ ਫਲ ਹੈ।

ਇਹ ਪਾਠਸ਼ਾਲਾ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੀ ਛਤਰ ਛਾਇਆ ਹੇਠ ਸੰਨ ੧੯੦੬ ਵਿਚ ਖੋਹਲੀ ਗਈ ਇਸਦੇ ਪਹਿਲੇ ਮੇਨੇਜਰ ਭਾਈ ਸੁੰਦਰ ਸਿੰਘ ਜੀ ਸਨ ਆਪ ਨੇ ਲਾਹੌਰ ਦੇ ਮਹਾਂ ਦਾਨੀ ਸਿਖ ਮਹਾਤਮਾ ਸਰਦਾਰ ਮੇਹਰ ਸਿੰਘ ਜੀ ਚਾਵਲੇ ਹੁਰਾਂ ਪਾਸੋਂ ਅੰਮ੍ਰਤ ਛਕਿਆ ਜਨਵਰੀ ੧੯੦੬ ਵਿਚ ਸਿੰਘ ਸਭਾ ਦੀ ਅੰਤ੍ਰਿੰਗ ਕਮੇਟੀ ਵਿਚ ਸਿੱਖ ਬੱਚੀਆਂ ਦੀ ਵਿੱਦਯਾ ਲਈ ਪਾਠਸ਼ਾਲਾ ਖੋਲ੍ਹਨ ਦਾ ਮਤਾ ਪੇਸ਼ ਹੋਇਆ। ਸਿੰਘ ਸਭਾ ਦੇ ਮੇਂਬਰਾਂ ਪਾਸ ਸਕੂਲ ਦੀ ਮੇਨੇਜਰੀ ਦੀ ਸੇਵਾ ਲਈ ਚਿੱਠੀਆਂ ਘੱਲੀਆਂ ਗਈਆਂ, ਪਰ ਕਿਸੇ ਨੇ ਭੀ ਇਸ ਸੇਵਾ ਨੂੰ ਆਪਣੇ ਸਿਰ ਲੇਣਾ ਕਬੂਲ ਨ ਕੀਤਾ ਇਸ ਪਰ ਕਮੇਟੀ ਨੇ ਭਾਈ ਸੁੰਦਰ ਸਿੰਘ ਹੁਰਾਂ

ਨੂੰ ਇਸ ਸੇਵਾ ਲਈ ਹੁਕਮ ਦਿਤਾ ਉਹਨਾਂ ਸਿਰ ਮੱਥੇ ਕਬੂਲ ਕੀਤਾ ਉਹਨਾਂ ਦੇ ਨਾਲ ਕੰਮ ਕਰਨ ਲਈ ਭਾਈ ਗਿਆਨ ਸਿੰਘ ਆਟੇ ਵਾਲ ਅਤੇ ਭਾਈ ਨਿੱਕਾ ਸਿੰਘ ਦੀ ਸਬ-ਕਮੇਟੀ ਬਨਾਈ ਗਈ। ਇਸ ਕਮੇਟੀ ਨੂੰ ੨੫) ਰੁਪੇ ਮਾਹਵਾਰ ਤਕ ਦਾ ਖਰਚ ਕਰਨ ਦਾ ਅਧਿਕਾਰ ਦਿਤਾ ਗਿਆ।

੧ ਮਾਰਚ ੧੯੦੬ ਨੂੰ ਪਾਠਸ਼ਾਲਾਂ ਖੁਲ੍ਹੀ ਅਤੇ ਪਹਿਲੇ ਦਿਨ ਪੰਜ ਲੜਕੀਆਂ ਦਾਖਲ ਹੋਈਆਂ ਇਹ ਪਾਠਸ਼ਾਲਾ ਪਹਿਲਾਂ ਮਹੱਲਾ ਸਗੀਨ ਵਿਚ ਭਾਈ ਤਾਰਾ ਸਿੰਘ ਅਸ਼ਟਾਮ ਫਰੋਸ਼ ਦੇ ਮਕਾਨ ਵਿਚ ਖੋਲ੍ਹੀ ਗਈ ਉਸ ਸਮੇਂ ਕੋਈ ਟਰੇਂਡ ਅਧਿਆਪਕਾ ਨਹੀਂ ਮਿਲਦੀ ਸੀ ਸੋ ਮਾਈ ਗੁਰਦੇਈ ਨੂੰ ਜੇਹੜੀ ਕਿ ਸਿਰਫ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਪਾਠ ਕਰਨ ਜਾਨਦੀ ਸੀ ੧੦) ਰੁਪੇ ਮਹੀਨਾ ਉਤੇ ਨੌਕਰ ਰੱਖ ਲਿਆ ਗਿਆ। ਪੁਸਤਕਾਂ ਆਦਿ ਭੀ ਬੀਬੀਆਂ ਨੂੰ ਵਿਦਿਆਲੇ ਵਲੋਂ ਹੀ ਦਿੱਤੀਆਂ ਜਾਂਦੀਆਂ ਸਨ। ਵਿਦਿਆਲੇ ਦੀ ਤਰੱਕੀ ਹੁੰਦੀ ਗਈ ਅਤੇ ੧੯੦੮ ਅੰਦਰ ਹੀ ਵਿਦਿਆਲੇ ਦਾ ਖਰਚ ੬੭) ਰੁਪੇ ਮਹੀਨਾ ਉੱਠਣ ਲੱਗਾ ਅਤੇ ਸਕੂਲ ਵਿਚ ਪੜ੍ਹਾਈ ਦੀ ਜਮਾਤ ਤੀਸਰੀ ਤੱਕ ਹੋ ਗਈ।

ਭਾਈ ਸੁੰਦਰ ਸਿੰਘ ਅਤੇ ਸਬ-ਕਮੇਟੀ ਦੇ ਮੇਂਬਰ ਇਹ ਚਾਹੁੰਦੇ ਸਨ ਪਾਠਸ਼ਾਲਾ ਜਲਦੀ ਹੀ ਸਿੱਖ ਬੀਬੀਆਂ ਦੀ ਵਿਦਯਾ ਲਈ ਇਕ ਧਾਰਮਕ ਕਾਲਜ ਬਣ ਜਾਵੇ, ਪਰ ਸਿੰਘ ਸਭਾ ਨੇ ਇਸ ਵਧਦੇ ਖਰਚ ਨੂੰ ਮਨਜ਼ੂਰ ਨਾ ਕੀਤਾ ਅਤੇ ਇਹ ਹੁਕਮ ਦਿਤਾ ਕਿ ਸਿੰਘ ਸਭਾ ਪਾਸ ਸਤਾਠ ਰੁਪਏ ਮਹੀਨੇ ਤੋਂ ਵਧ ਖਰਚ ਦੇਣ ਦੀ ਜਗਾ ਨਹੀਂ।

"ਇਹ ਸੁਣਕੇ ਭਾਈ ਸੁੰਦਰ ਸਿੰਘ ਜੀ ਨਿਰਾਸ ਹੋ ਗਏ ਅਤੇ ਘਰ ਆਕੇ ਆਪਣੀ ਸੁਪਤਨੀ ਕਿਸ਼ਨ ਕੌਰ ਨਾਲ ਸਲਾਹ ਕੀਤੀ ਕਿ ਮੇਰੇ ਮਨ ਅੰਦਰ ਤਾਂ ਭਾਈ ਤਖਤ ਸਿੰਘ ਜੀ ਹੁਰਾਂ ਵਾਂਕਰ ਸੇਵਾ ਕਰਨ ਦਾ ਚਾਉ ਸੀ, ਪਰ ਸਿੰਘ ਸਭਾ ਨੇ ਖਰਚ ਦੇਣੋਂ ਨਾਂਹ ਕਰ ਦਿਤੀ ਹੈ ਅਤੇ ਇਹ ਕੰਮ ਸਿਰੇ ਚੜ੍ਹਦਾ ਦਿਖਾਈ ਨਹੀਂ ਦਿੰਦਾ। ਮਾਤਾ ਸਾਹਿਬ ਕੌਰ ਦੀ ਸਪੁਤ੍ਰੀ ਨੇ ਪਤੀ ਜੋ ਵੀ

ਢਾਰਸ ਬੰਧਾਈ ਅਤੇ ਕਿਹਾ ਕਿ ਆਪਦੀ ਦਾਸੀ ਝੋਲੀ ਗਲ ਪਾਕੇ ਫਕੀਰਾਂ ਵਾਕਰ ਦਰ ਦਰ ਜਾ ਕੇ ਦਾਨ ਇਕੱਤ੍ਰ ਕਰੇਗੀ ਆਪ ਭਾਵੇਂ ਡੋਲ ਮਤ ਹੋਵੇ"। ਸਕੂਲ ਦੀਆਂ ਵਾਰਸ਼ਕ ਰਪੋਰਟਾਂ ਤੋਂ ਮਲੂਮ ਹੁੰਦਾ ਹੈ ਕਿ ਇਸ ਬੀਬੀ ਨੇ ਪੰਦਰਾਂ ਸਾਲ ਅੰਦਰ ਇਕ ਇਕ ਪੈਸਾ ਮੰਗਕੇ ੧੫ ਹਜ਼ਾਰ ਰੁਪਯਾ ਇਕਠਾ ਕੀਤਾ। ਧੰਨ ਹੈ ਸੇਵਾ, ਅਤੇ ਧੰਨ ਹੈ ਗੁਰਸਿਖੀ। ਚੀਫ ਖਾਲਸਾ ਦੀਵਾਨ ਦੀ ਵਿਦਯਕ ਕਮੇਟੀ ਵਲੋਂ ਇਸ ਸੇਵਾ ਦੀ ਸ਼ਲਾਘਾ ਵਜੋਂ ਦੋ ਮੈਡਲ ਇਨਾਮ ਦਿਤੇ ਗਏ।

ਸਕੂਲ ਨੇ ਬਹੁਤ ਹੀ ਤ੍ਰੱਕੀ ਕੀਤੀ ਅਤੇ ਲੜਕੀਆਂ ਦੀ ਗਿਣਤੀ ਭੀ ਬਹੁਤ ਹੀ ਵਧ ਗਈ, ਹੁਣ ਇਕ ਬੜੀ ਇਮਾਰਤ ਦੀ ਲੋੜ ਸੀ। ਸੋ ਇਕ ਕੰਮ ਨੂੰ ਸ੍ਰੀ ਮਾਨ ਸਰਦਾਰ ਮੇਹਰ ਸਿੰਘ ਜੀ ਚਾਵਲੇ ਹੁਰਾਂ ਪੂਰਾ ਕੀਤਾ, ਆਪਣੇ ਪਿਆਰੇ ਭਰਾਤਾ ਭਾਈ ਸਰਦੂਲ ਸਿੰਘ ਜੀ ਦੀ ਯਾਦ ਵਿਚ ਓਹਨਾਂ ਇਕ ਭਾਰੀ ਇਮਾਰਤ ਇਕ ਹਜ਼ਾਰ ਰੁਪਏ ਦੀ ਲਾਗਤ ਨਾਲ ਤਿਆਰ ਕਰਵਾਈ, ੮ ਜੂਨ ੧੯੦੯ ਨੂੰ ਪਾਠਸ਼ਾਲਾ ਇਸ ਨਵੀਂ ਇਮਾਰਤ ਵਿਚ ਲਿਆਂਦੀ ਗਈ ਅਤੇ ਸਰਦਾਰ ਮੇਹਰ ਸਿੰਘ ਜੀ ਚਾਵਲੇ ਨੂੰ ਸਰਕਾਰ ਵਲੋਂ ਖਿੱਲਅਤ ਅਤੇ ਸਨਦ ਦਿਤੀ ਗਈ ਜੋ ਇਸ ਵਕਤ ਪਾਠਸ਼ਾਲਾ ਵਿਚ ਮੌਜੂਦ ਹਨ।

੧੯੧੧ ਵਿਚ ਕਮੇਟੀ ਵਿੱਚ ਕੁਝ ਝਗੜਾ ਪੈ ਗਿਆ ਅਤੇ ਭਾਈ ਸੁੰਦਰ ਸਿੰਘ ਜੀ ਹੁਰਾਂ ਸੇਵਾ ਤੋਂ ਅਸਤੀਫਾ ਦੇ ਦਿਤਾ। ਭਾਈ ਤਖਤ ਸਿੰਘ ਜੀ ਸਕੱਤ੍ਰ ਸਿੰਘ ਸਭਾ ਨੂੰ ਸਕੂਲ ਦਾ ਮੈਨੇਜਰ ਬਨਾਇਆ ਗਿਆ। ਚਾਰ ਮਹੀਨੇ ਅੰਦਰ ਹੀ ਸਰਦਾਰ ਮੇਹਰ ਸਿੰਘ ਜੀ ਹੁਰਾਂ ਫੇਰ ਭਾਈ ਸੁੰਦਰ ਸਿੰਘ ਜੀ ਨੂੰ ਚਿੱਠੀ ਲਿਖੀ ਅਤੇ ਭਰੋਸਾ ਦਵਾਇਆ ਕਿ ਉਹਨਾਂ ਦੇ ਕੰਮ ਵਿਚ ਕੋਈ ਹੋਰ ਦਖਲ ਨਹੀਂ ਦੇਵੇਗਾ।

ਦਿਨ ਬਦਿਨ ਸਕੂਲ ਦੀ ਤਰੱਕੀ ਹੁੰਦੀ ਗਈ ਅਤੇ ੧੯੧੮ ਵਿਚ ਸਕੂਲ ਦਾ ਖਰਚ ੭੦੦੦) ਰੁਪਿਆ ਸਾਲ ਤਕ ਵਧ ਗਿਆ ਅਤੇ ਲੜਕੀਆਂ ਦੀ ਗਿਣਤੀ ੪੦੦ ਦੇ ਕਰੀਬ ਪਹੁੰਚ ਗਈ।

ਸੰਨ ੧੯੨੦ ਅੰਦਰ ਸਕੂਲ ਦਾ ਖਰਚ ੧੦੦੦੦) ਰੁਪਿਆ ਸਾਲ ਨਾਲੋਂ ਭੀ ਵਧ ਗਿਆ ੧੯੨੧ ਅੰਦਰ ਸਿੰਘ ਸਭਾ ਲਾਹੌਰ ਵਿਚ ਭਾਰੀ ਦੁਫਾਟ ਪੈ ਗਈ ਅਤੇ ਤੰਗ ਆਕੇ ਭਾਈ ਸੁੰਦਰ ਸਿੰਘ ਜੀ ਨੂੰ ਸੰਨ ੧੯੨੩ ਅੰਦਰ ਅਸਤੀਫਾ ਦੇਣਾ ਪਿਆ । ਇਸ ਸਾਲ ਸਕੂਲ ਵਿਚ ੪੩੫ ਲੜਕੀਆਂ ਪੜ੍ਹਦੀਆਂ ਸਨ ਅਤੇ ਸਕੂਲ ਦਾ ਖਰਚ ੧੨੦੦੦) ਰੁਪਿਆ ਸਾਲ ਦੇ ਕ੍ਰੀਬ ਸੀ ਇਸ ਪਾਠਸ਼ਾਲਾ ਦੀ ਆਮਦਨ ਖਰਚ ਦੇ ਚਿਠੇ ਪੜਤਾਲ ਹੋਕੇ ਸਾਲ ਦੇ ਸਾਲ ਛਪਦੇ ਰਹੇ ਹਨ। ਸੇਵਾ ਨੂੰ ਦੇਖਕੇ ਸਰਦਾਰ ਹਰਨਾਮ ਸਿੰਘ ਜੀ ਬੈਂਕਰ ਨੇ ੨॥ ਢਾਈ ਮਰਲੇ ਜ਼ਮੀਨ ਭਾਈ ਸੁੰਦਰ ਸਿੰਘ ਹੁਰਾਂ ਨੂੰ ਮਕਾਨ ਬਣੌਣ ਲਈ ਮੁਫਤ ਦੇ ਦਿਤੀ ੧੯੨੩ ਤੋਂ ਪਿਛੋਂ ਇਸ ਸਕੂਲ ਦੇ ਮੈਨੇਜਰ ਸਾਲ ਦੇ ਸਾਲ ਚੁਣੇ ਜਾਂਦੇ ਹਨ ਅੱਜ ਕਲ ਭਾਈ ਦਲੀਪ ਸਿੰਘ ਜੀ ਮੈਨੇਜਰ ਹਨ ।

—o—